ਬਾਲ ਸਾਹਿਤ

# ਕਿਰਲੀ ਤੇ ਤਿਤਲੀ




## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ
ਲੇਖਕ ਸਨਮਾਨ



# ਕਿਰਲੀ ਤੇ ਤਿਤਲੀ

(ਬਾਲ ਕਹਾਣੀਆਂ)


## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ
ਲੇਖਕ ਸਨਮਾਨ






ਇਸ ਪੁਸਤਕ ਦੇ ਸਾਰੇ ਹੱਕ ਰਾਖਵੇਂ ਹਨ। ਪ੍ਰਕਾਸ਼ਕ ਦੀ ਲਿਖਤੀ ਆਗਿਆ ਬਿਨ੍ਹਾਂ ਇਸ ਕਿਤਾਬ ਦੇ ਕਿਸੇ ਵੀ ਹਿੱਸੇ ਨੂੰ, ਫੋਟੋਕਾਪੀ ਜਾਂ ਹੋਰ ਕਿਸੇ ਵੀ ਮਸ਼ੀਨੀ ਮਾਧਿਅਮ ਨਾਲ ਦੋਬਾਰਾ ਨਹੀਂ ਛਾਪਿਆ ਜਾ ਸਕਦਾ।

**Kirli Te Titli**

(Stories for Children)

by : Manmohan Singh Daon

ISBN : 978-81-7914-444-2

Edition : 2020

Price : Rs. 100

ਪ੍ਰਕਾਸ਼ਕ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

3236, ਸੈਕਟਰ 15-ਡੀ, ਚੰਡੀਗੜ੍ਹ-160015

ਫੋਨ : 0172-4613236





# ਕੀ ਕਿੱਥੇ


| | | |
|---|---|---|
| 1 | ਕਿਰਲੀ ਤੇ ਤਿਤਲੀ | 5 |
| 2 | ਚੋਚੀ ਤੇ ਕਾਕੂ | 8 |
| 3 | ਅਨੋਖੀ ਸਜ਼ਾ | 11 |
| 4 | ਸਫ਼ਲਤਾ ਦਾ ਭੇਤ | 14 |
| 5 | ਮਾਂ ਦੀ ਸਿੱਖਿਆ | 17 |
| 6 | ਤਿੰਨ ਧੀਆਂ | 19 |
| 7 | ਧੁੰਮੀ ਤੇ ਪੋਪੋ | 21 |






# ਕਿਰਲੀ ਤੇ ਤਿਤਲੀ

ਗਰਮੀ ਦੇ ਦਿਨ ਹਨ। ਰਾਤ ਹੋ ਰਹੀ ਹੈ। ਬੱਦਲਵਾਲੀ ਛਾਈ ਹਈ ਹੈ। ਕਦੇ-ਕਦੇ ਬੱਦਲ ਗਰਜਦਾ ਹੈ। ਪੌਣ ਦੇ ਠੰਢੇ ਬੁੱਲੇ ਰਾਹਤ ਦੇਂਦੇ ਹਨ। ਅੰਬਰ 'ਤੇ ਬਿਜਲੀ ਲਿਸ਼ਕਣ ਲਗਦੀ ਹੈ।

ਮੈਂ ਵਰਾਂਡੇ 'ਚ ਬੈਠਾ ਰਸਾਲਾ ਪੜ੍ਹ ਰਿਹਾ ਹਾਂ। ਘਰ ਹੋਰ ਕਈ ਨਹੀਂ । ਮੈਂ ਸਮਾਂ ਵੇਖਦਾ ਹਾਂ। ਰਾਤ ਦੇ ਸਾਢੇ ਸੱਤ ਵਜ ਚੁੱਕੇ ਹਨ। ਵਰਾਂਡੇ 'ਚ ਟਿਯੂਬ ਬਲ ਰਹੀ ਹੈ। ਕੰਧ 'ਤੇ ਚਾਨਣ ਪੈ ਰਿਹਾ ਹੈ।

ਮੈਂ ਸਾਹਮਣੇ ਕੰਧ ਵੱਲ ਨਜ਼ਰ ਮਾਰਦਾ ਹਾਂ। ਇੱਕ ਕਿਰਲੀ ਤਾਕ ਲਗਾਈ ਕੰਧ ਉੱਤੇ ਇੱਧਰ-ਉੱਧਰ ਕਦੇ ਦੌੜਦੀ ਹੈ ਤੇ ਕਦੇ ਰੁਕ ਜਾਂਦੀ ਹੈ। ਜਿਹੜਾ ਵੀ ਜੀਵ ਉਸ ਦੀ ਪਕੜ ਵਿੱਚ ਆਉਂਦਾ ਹੈ, ਉਸ ਨੂੰ ਨਿਗਲ ਲੈਂਦੀ ਹੈ। ਪੂੰਛ ਮਾਰਦੀ ਹੈ ਜਿਵੇਂ ਖੁਸ਼ ਹੋ ਰਹੀ ਹੋਵੇ। ਟਿਊਬ ਦੇ ਚਾਨਣ ਕਾਰਨ ਕਈ ਭਮੱਕੜ ਤੇ ਪਤੰਗੇ ਉਡਦੇ ਫਿਰਦੇ ਹਨ। ਕਿਰਲੀ ਉਹਨਾਂ ਨੂੰ ਪਕੜਨ ਲਈ ਦਾਅ ਮਾਰਦੀ ਹੈ। ਕਦੇ ਦਾਅ ਖਾਲੀ ਚਲਾ ਜਾਂਦਾ ਹੈ। ਪਰ ਕਿਰਲੀ ਫਿਰ ਆਸ ਲਗਾਉਂਦੀ ਹੈ।

ਇੱਕ ਪਤੰਗੇ ਨੂੰ ਕਿਰਲੀ ਨੱਠ ਕੇ ਦਬੋਚ ਲੈਂਦੀ ਹੈ। ਜਿੱਤ ਦੀ ਖੁਸ਼ੀ ਨਾਲ ਕਿਰਲੀ ਦੀਆਂ ਅੱਖਾਂ ਹੋਰ ਖੁੱਲ੍ਹ ਜਾਂਦੀਆਂ ਹਨ। ਹੁਣ ਉਸ ਦੀ ਪੂੰਛ ਵੀ ਹਿੱਲਣ ਲੱਗਦੀ ਹੈ। ਮੈਂ ਕਿਰਲੀ ਦੀ ਭੁੱਖ ਬਾਰੇ ਸੋਚਣ ਲਗਦਾ ਹਾਂ। ਜਿਹੜਾ ਜੀਵ ਕੁਝ ਚਿਰ ਪਹਿਲਾਂ ਉਡਾਰੀਆਂ ਭਰਦਾ ਸੀ, ਕੁਝ ਛਿਣਾਂ 'ਚ ਹੀ ਮੌਤ ਦੇ ਮੂੰਹ ਚਲਾ ਜਾਂਦਾ ਹੈ। ਇੱਕ ਜੀਵ ਦੀ ਭੁੱਖ ਹੱਲ ਹੁੰਦੀ ਹੈ ਤੇ ਇੱਕ ਜੀਵ ਦਾ ਨਾਸ਼ ਹੋ ਜਾਂਦਾ ਹੈ। ਸੰਸਾਰ ਵਿੱਚ ਇਹ ਕਾਲ-ਚੱਕਰ ਕਦੋਂ ਦਾ ਚੱਲ ਰਿਹਾ ਹੈ, ਇਸ ਬਾਰੇ ਮੈਂ ਸੋਚਣ ਲਗਦਾ ਹਾਂ।


ਮੇਰੇ ਬੈਠੇ-ਬੈਠੇ, ਇੱਕ ਤਿਤਲੀ ਬਾਹਰੋਂ ਉਡਦੀ ਹੋਈ ਵਰਾਂਡੇ 'ਚ ਲਟਕਦੇ ਪੜਦੇ ਉੱਤੇ ਆ ਬੈਠਦੀ ਹੈ। ਉਹ ਖੰਭ ਖੋਲ੍ਹਦੀ ਹੈ 'ਤੇ ਖੰਭ ਇਕੱਠੇ ਕਰਦੀ ਹੈ। ਮੈਂ ਉਸ ਨੂੰ ਵੇਖਣ ਲਗਦਾ ਹਾਂ। ਕਿਰਲੀ ਤੋਂ ਹਟ ਕੇ ਮੇਰੀ ਨਜ਼ਰ ਤਿਤਲੀ ਉੱਤੇ ਟਿਕ ਜਾਂਦੀ ਹੈ। ਭੂਰੇ ਰੰਗ ਦੀ ਤਿਤਲੀ ਬਹੁਤ ਪਿਆਰੀ ਲ਼ਗਦੀ ਹੈ। ਉਸ ਦੇ ਖੰਭਾਂ ਉੱਤੇ ਕਾਲੇ ਰੰਗ ਦੇ ਧੱਬੇ ਹੋਰ ਵੀ ਸੋਹਣੇ ਲਗਦੇ ਹਨ। ਚਿੱਤਕਬਰੀ ਤਿਤਲੀ ਉਡਣਾ ਸ਼ੁਰੂ ਕਰ ਦਿੰਦੀ ਹੈ।

ਮੈਂ ਸੋਚਦਾ ਹਾਂ ਕਿ ਰਾਤ ਵੇਲੇ ਇਹ ਤਿਤਲੀ ਕਿੱਥੋਂ ਆ ਗਈ। ਫੁੱਲਾਂ ਦਾ ਰਸ ਚੂਸਣ ਵਾਲੀ ਤਿਤਲੀ ਨੂੰ ਜਿਵੇਂ ਰਾਹ ਭੁੱਲ ਗਿਆ ਹੋਵੇ। ਇਸ ਵੇਲੇ ਕਿਸੇ ਬਾਗ਼-ਬਗ਼ੀਚੇ 'ਚ ਜਾ ਕੇ ਆਰਾਮ ਕਰਦੀ ਜਾਂ ਕਿਸੇ ਰੁੱਖ -ਬੂਟੇ 'ਤੇ ਜਾ ਸੌਂਦੀ। ਹੋ ਸਕਦਾ ਹੈ ਕਿ ਮੌਸਮ ਖ਼ਰਾਬ ਹੋਣ ਕਾਰਨ, ਇਹ ਕੋਈ ਟਿਕਾਣਾ ਭਾਲਦੀ ਹੋਵੇ। ਸ਼ਾਇਦ ਇਸ ਨੂੰ ਟਿਊਬ ਦਾ ਚਾਨਣ ਹੀ ਚੰਗਾ ਲੱਗਿਆ ਹੋਵੇ। ਚਾਨਣ



ਕਿਸ ਨੂੰ ਚੰਗਾ ਨਹੀਂ ਲਗਦਾ। ਚਾਨਣ 'ਤੇ ਮਸਤ ਹੋਏ ਪਤੰਗੇ ਆਪਣੇ ਖੰਭ ਸਾੜ ਲੈਂਦੇ ਹਨ। ਹੁਣ ਤਿਤਲੀ ਇੱਧਰ-ਉੱਧਰ ਉਡਣ ਲਗਦੀ ਹੈ। ਮੇਰੀ ਨਜ਼ਰ ਉਸ ਦੇ ਨਾਲ-ਨਾਲ ਦੌੜਦੀ ਹੈ। ਕਿਰਲੀ ਚੌਕਸ ਹੋ ਜਾਂਦੀ ਹੈ। ਤਿਤਲੀ ਕਦੇ ਕੰਧ ਉੱਤੇ ਬੈਠਦੀ ਹੈ ਤੇ ਕਦੇ ਟਿਊਬ ਦੇ ਨੇੜੇ-ਤੇੜੇ ਉਡਣ ਲਗਦੀ ਹੈ। ਮੇਰਾ ਧਿਆਨ ਹੁਣ ਤਿਤਲੀ ਤੇ ਕਿਰਲੀ ਵੱਲ ਲਗ ਜਾਂਦਾ ਹੈ। ਤਿਤਲੀ ਚਾਨਣ ਵਿਚ ਹੋਰ ਵੀ ਸੁੰਦਰ ਲਗਦੀ ਹੈ।

ਕਿਰਲੀ ਨੂੰ ਜਿਵੇਂ ਕੋਈ ਵੱਡਾ ਸ਼ਿਕਾਰ ਨਜ਼ਰ ਆਉਣ ਲਗ ਪਿਆ ਹੋਵੇ। ਉਹ ਕੰਧ ਉਤੇ ਤਿਤਲੀ ਨੂੰ ਪਕੜਨ ਲਈ ਸਿਸਤ ਲਗਾਉਣ ਲਗਦੀ ਹੈ। ਮੇਰਾ ਦਿਲ ਹੌਰੂੰ-ਹੌਰੂੰ ਹੋਣ ਲੱਗਦਾ ਹੈ। ਕਿਰਲੀ ਆਪਣਾ ਸਾਰਾ ਧਿਆਨ ਤਿਤਲੀ ਵੱਲ ਲਾ ਲੈਂਦੀ ਹੈ ਤੇ ਹੋਰ ਜੀਵਾਂ ਦਾ ਖਹਿੜਾ ਛੱਡ ਦਿੰਦੀ ਹੈ।



ਕੁਝ ਚਿਰ ਪਿੱਛੋਂ, ਤਿਤਲੀ ਟਿਯੂਬ ਦੇ ਨੇੜੇ ਕੰਧ ਉੱਤੇ ਬੈਠ ਜਾਂਦੀ ਹੈ ਤੇ ਬੈਠੀ ਰਹਿੰਦੀ ਹੈ ਜਿਵੇਂ ਥੱਕ ਗਈ ਹੋਵੇ। ਏਨੇ ਨੂੰ ਕਿਰਲੀ ਦੌੜ ਕੇ ਤਿਤਲੀ 'ਤੇ ਧਾਵਾ ਬੋਲਦੀ ਹੈ। ਮੇਰੇ ਵੇਖਦੇ-ਵੇਖਦੇ ਕਿਰਲੀ ਤਿਤਲੀ ਦਾ ਧੜ ਆਪਣੇ ਮੂੰਹ 'ਚ ਜਕੜਨ ਦੀ ਕੋਸ਼ਿਸ਼ ਕਰਦੀ ਹੈ। ਤਿਤਲੀ ਖੰਭ ਫੜ-ਫੜਾਉਂਦੀ ਹੈ। ਕਿਰਲੀ ਪੂਰੇ ਤਾਣ ਨਾਲ ਤਿਤਲੀ ਨੂੰ ਆਪਣੀ ਪਕੜ 'ਚ ਜਕੜਨਾ ਚਾਹੁੰਦੀ ਹੈ। ਤਿਤਲੀ ਚੀਕਣ ਲਗਦੀ ਹੈ ਤੇ ਫਰ-ਫਰ ਕਰਦੀ ਹੈ। ਕਿਰਲੀ ਵੀ ਆਪਣੀ ਪੂੰਛ ਚਲਾਉਂਦੀ ਹੈ।



ਜ਼ਿੰਦਗੀ ਤੇ ਮੌਤ ਦੀ ਲੜਾਈ ਹੋਣ ਲਗਦੀ ਹੈ। ਜਾਨ ਕਿਸ ਨੂੰ ਪਿਆਰੀ ਨਹੀਂ। ਹਰ ਤਾਕਤਵਰ ਆਪ ਤੋਂ ਕਮਜ਼ੋਰ ਨੂੰ ਦਬੋਚਣਾ ਚਾਹੁੰਦਾ ਹੈ। ਹਰ ਕਿਸੇ ਨੂੰ ਆਪਣੀ ਹੋਂਦ ਸਥਾਪਤ ਕਰਨ ਲਈ ਸੰਘਰਸ਼ ਕਰਨਾ ਪੈਂਦਾ ਹੈ।



ਏਨੇ ਨੂੰ ਹਵਾ ਦਾ ਤੇਜ਼ ਬੁੱਲਾ ਵਰਾਂਡੇ 'ਚ ਆਉਂਦਾ ਹੈ। ਬੱਦਲ ਗਰਜਦਾ ਹੈ। ਮੇਰੇ ਵਿੰਹਦੇ-ਵਿੰਹਦੇ ਕਿਰਲੀ ਦੇ ਮੂੰਹ 'ਚ ਤਿਤਲੀ ਥੱਲੇ ਫਰਸ਼ ਉੱਤੇ ਡਿੱਗ ਪੈਂਦੀ ਹੈ। ਮੈਂ ਹੈਰਾਨ ਹੁੰਦਾ ਹਾਂ। ਜ਼ਖ਼ਮੀ ਤਿਤਲੀ ਜਿਵੇਂ ਕੁਰਲਾ ਰਹੀ ਹੋਵੇ ਤੇ ਖੰਭ ਮਾਰਨੇ ਭੁੱਲ ਗਈ ਹੋਵੇ। ਕਿਰਲੀ ਕੰਧ ਉੱਤੇ ਹੀ ਟਿਕੀ ਰਹਿੰਦੀ ਹੈ। ਉਸ ਨੂੰ ਸ਼ਿਕਾਰ ਖੁੱਸ ਜਾਣ ਦਾ ਅਫ਼ਸੋਸ ਹੋਣ ਲਗਦਾ ਹੈ। ਟਿਕ-ਟਿਕੀ ਲਾਈ ਕਿਰਲੀ ਨੂੰ ਜਿਵੇਂ ਆਪਣੀ ਹਾਰ ਦਾ ਪਛਤਾਵਾ ਹੋ ਰਿਹਾ ਹੋਵੇ। ਉਸ ਦਾ ਕੰਧ ਤੋਂ ਥੱਲੇ ਉਤਰਨ ਦਾ ਹੌਸਲਾ ਨਹੀਂ ਪੈਂਦਾ। ਇੱਕ ਥਾਂ ਹੀ ਟਿਕੀ ਰਹਿੰਦੀ ਹੈ ਜਾਂ ਕਿਸੇ ਹੋਰ ਸ਼ਿਕਾਰ ਬਾਰੇ ਵਿਉਂਤ ਬਣਾਉਣ ਲਗਦੀ ਹੈ।

ਮੈਂ ਉਠਦਾ ਹਾਂ। ਜ਼ਖ਼ਮੀ ਤਿਤਲੀ ਦੇ ਨੇੜੇ ਜਾਂਦਾ ਹਾਂ। ਤਿਤਲੀ ਜਿਵੇਂ ਸਾਹ ਲੈਣਾ ਭੁੱਲ ਗਈ ਹੋਵੇ। ਉਹ ਆਪਣੇ ਕੂਲੇ ਤੇ ਰੇਸ਼ਮ ਵਰਗੇ ਖੰਭ ਹਲਾਉਣਾ ਚਾਹੁੰਦੀ ਹੈ। ਮੈਂ ਉਸ ਨੂੰ ਇੱਕ ਕਾਗਜ਼ ਉੱਤੇ ਚੁੱਕ ਲੈਂਦਾ ਹਾਂ। ਲਗਦਾ ਹੈ ਉਹ ਜਿਊਣਾ ਚਾਹੁੰਦੀ ਹੈ। ਸੋਚ-ਸੋਚ ਕੇ ਮੈਂ ਉਸ ਨੂੰ ਵਰਾਂਡੇ 'ਚ ਰੱਖੇ ਗਮਲੇ ਵਾਲੇ ਫੁੱਲ-ਬੂਟੇ 'ਤੇ ਬੈਠਾ ਦੇਂਦਾ ਹਾਂ, ਹੋਰ ਕੀਤਾ ਵੀ ਕੀ ਜਾਏ। ਫੁੱਲਾਂ ਨੂੰ ਵੇਖ ਕੇ ਸ਼ਾਇਦ ਤਿਤਲੀ ਨੂੰ ਹੋਸ਼ ਆ ਜਾਵੇ, ਮੈਂ ਸੋਚਦਾ ਹਾਂ।

ਤਿਤਲੀ ਬਾਰੇ ਮੈਨੂੰ ਕਈ ਖਿਆਲ ਆਉਂਦੇ ਹਨ। ਰਾਤ ਲੰਘਦੀ ਹੈ ਤੇ ਸਵੇਰ ਹੁੰਦੀ ਹੈ। ਮੈਂ ਉਠਦਾ ਹਾਂ ਤੇ ਤਿਤਲੀ ਨੂੰ ਵੇਖਣ ਲਗਦਾ ਹਾਂ। ਗਮਲੇ ਦੇ ਫੁੱਲ ਤੋਂ ਤਿੱਤਲੀ ਉੱਡ ਚੁੱਕੀ ਹੁੰਦੀ ਹੈ। ਫੁੱਲ ਖਿੜ-ਖਿੜਾਉਂਦੇ ਹਨ। ਮੈਨੂੰ ਖੁਸ਼ੀ ਹੁੰਦੀ ਹੈ। ਮੈਨੂੰ ਸਵੇਰ ਹੋਰ ਵੀ ਸੁਹਾਵਣੀ ਜਾਪਣ ਲਗਦੀ ਹੈ।



# ਚੋਚੀ ਤੇ ਕਾਕੂ

ਇਕ ਸੀ ਚੋਚੀ ਚਿੜੀ ਤੇ ਇਕ ਸੀ ਕਾਕੂ ਚਿੜਾ। ਚੋਚੀ ਦੇ ਭੂਰੇ ਰੰਗ ਦੇ ਖੰਭਾਂ ਉੱਤੇ ਕਾਲੀਆਂ ਧਾਰੀਆਂ ਬਹੁਤ ਸੁੰਦਰ ਸਨ। ਚੋਚੀ ਜਦੋਂ ਉਡਦੀ ਬੜੀ ਪਿਆਰੀ ਲਗਦੀ। ਜਦੋਂ ਉਹ ਖੁਸ਼ ਹੁੰਦੀ ਤਾਂ ਚੀਂ-ਚੀਂ ਕਰਦੀ। ਨਿੱਕੀ ਜਿਹੀ ਚੁੰਝ ਨਾਲ ਦਾਣੇ ਚੁਗਦੀ ਹੋਰ ਵੀ ਸੋਹਣੀ ਲਗਦੀ। ਤਿੱਖੀਆਂ-ਤਿੱਖੀਆਂ ਪੌਂਚੀਆਂ ਨਾਲ ਟਪੂਸੀਆਂ ਮਾਰਦੀ। ਉਹ ਨਿੱਕੀਆਂ-ਨਿੱਕੀਆਂ ਗੋਲ ਅੱਖਾਂ ਨਾਲ ਇੱਧਰ-ਉੱਧਰ ਤੱਕਦੀ ਤੇ ਫਿਰ ਫੁਰੱਰ ਕਰ ਕੇ ਉੱਡ ਜਾਂਦੀ।

ਚੋਚੀ ਦੇ ਸਾਥੀ ਕਾਕੂ ਦੇ ਮਟਿਆਲੇ ਖੰਭਾਂ ਉੱਤੇ ਕਾਲੀਆਂ ਗੂੜ੍ਹੀਆਂ ਧਾਰੀਆਂ ਸਨ। ਉਸ ਦੀ ਚੁੰਝ ਦਾ ਰੰਗ ਕਾਲਾ ਸੀ ਤੇ ਪੌਂਚੇ ਭੂਰੇ ਸਨ। ਉਸ ਦੀ ਛਾਤੀ ਦੇ ਖੰਭ ਚਿੱਟੇ ਸਨ। ਚੋਚੀ ਤੇ ਕਾਕੂ ਖੁਸ਼ੀ-ਖਸ਼ੀ ਰਹਿੰਦੇ ਸਨ। ਚੀਂ-ਚੀਂ ਕਰਦੇ ਤੇ ਉਡਾਰੀਆਂ ਭਰਦੇ। ਸੁਖ਼ਨ ਨੂੰ ਚੋਚੀ ਤੇ ਕਾਕੂ ਬਹੁਤ ਚੰਗੇ ਲਗਦੇ। ਉਹ ਛੇਵੀਂ ਸ਼੍ਰੇਣੀ 'ਚ ਪੜ੍ਹਦੀ ਸੀ। ਉਹ ਵਰਾਂਡੇ 'ਚ ਬੈਠੀ ਉਹਨਾਂ ਨੂੰ ਵੇਖਦੀ ਰਹਿੰਦੀ। ਉਹ ਮਿੱਟੀ ਦੇ ਠੂਲ੍ਹੇ ਵਿੱਚ ਪਾਣੀ ਪਾ ਕੇ ਵਿਹੜੇ ਵਿੱਚ ਰੱਖ ਦਿੰਦੀ। ਚੋਚੀ ਤੇ ਕਾਕੂ ਪਾਣੀ ਪੀ ਕੇ ਤ੍ਰੇਹ ਬੁਝਾਉਂਦੇ। ਚੁੰਝਾਂ ਉਤਾਂਹ ਨੂੰ ਕਰ ਕੇ ਜਦੋਂ ਉਹ ਪਾਣੀ ਪੀਂਦੇ ਤਾਂ ਸੁਖ਼ਨ ਹੱਸ ਪੈਂਦੀ।

"ਮੰਮੀ, ਵੇਖ, ਚੋਚੀ ਤੇ ਕਾਕੂ ਪਾਣੀ ਕਿਵੇਂ ਪੀਂਦੇ।"

ਸੁਖ਼ਨ ਉਹਨਾਂ ਨੂੰ ਰੋਟੀ ਭੋਰ ਕੇ ਵਿਹੜੇ 'ਚ ਪਾ ਦੇਂਦੀ। ਕਦੇ ਖਾਣ ਨੂੰ ਕੋਈ ਮਿੱਠੀ ਚੀਜ਼ ਬਖੇਰ ਦੇਂਦੀ। ਚੋਗਾ ਚੁਗਦੇ ਚੋਚੀ ਤੇ ਕਾਕੂ ਰੱਜ ਜਾਂਦੇ ਤੇ ਖਿੜ-ਖਿੜਾਉਂਦੇ। ਸੁਖ਼ਨ ਉਹਨਾਂ ਦੇ ਕੋਲ ਜਾਂਦੀ। ਉਹਨਾਂ ਨੂੰ ਪਕੜਨਾ ਲੋਚਦੀ, ਪਰ ਉਹ ਉੱਡ ਜਾਂਦੇ।



ਚੋਚੀ ਤੇ ਕਾਕੂ ਨੇ ਵਰਾਂਡੇ 'ਚ ਇਕ ਆਲ੍ਹਣਾ ਬਣਾਉਣ ਦੀ ਸੋਚੀ। ਉਹਨਾਂ ਨੇ ਸਲਾਹ ਕਰ ਕੇ ਵਰਾਂਡੇ ਦੀ



ਅਲਮਾਰੀ ਉਤੇ ਥਾਂ ਚੁਣ ਲਈ। ਕਿੰਨੇ ਹੀ ਦਿਨ ਚੋਚੀ ਤੇ ਕਾਕੂ ਆਲ੍ਹਣਾ ਬਣਾਉਣ 'ਚ ਲੱਗੇ ਰਹੇ। ਬਾਹਰੋਂ ਘਾਹ ਫੂਸ ਤੇ ਤਿਣਕੇ ਲਿਆਉਣ 'ਚ ਲੱਗੇ ਰਹੇ। ਬੜੀ ਮਿਹਨਤ ਕਰ ਕੇ ਉਹਨਾਂ ਦੋਵਾਂ ਨੇ ਰਲ ਕੇ ਆਲ੍ਹਣਾ ਬਣਾਇਆ।

ਸੁਖ਼ਨ ਉਹਨਾਂ ਨੂੰ ਵੇਖਦੀ ਰਹਿੰਦੀ। ਸੁਖ਼ਨ ਦੇ ਘਰ 'ਚ ਉਹਨਾਂ ਦਾ ਵੀ ਘਰ ਬਣ ਗਿਆ ਸੀ। ਹੁਣ ਚੋਚੀ ਤੇ ਕਾਕੂ ਬਹੁਤ ਖੁਸ਼ ਸਨ। ਚੋਚੀ ਨੇ ਆਲ੍ਹਣੇ 'ਚ ਆਂਡੇ ਦੇ ਦਿੱਤੇ। ਆਂਡਿਆਂ ਦੀ ਸੰਭਾਲ 'ਚ ਚੋਚੀ ਸਾਰਾ ਦਿਨ ਰੁੱਝੀ ਰਹਿੰਦੀ। ਸੁਖ਼ਨ ਉਸ ਦੀ ਮਿਹਨਤ ਤੇ ਪਿਆਰ ਨੂੰ ਵੇਖ ਕੇ ਬੜੀ ਹੈਰਾਨ ਹੁੰਦੀ।

"ਮੰਮੀ, ਵੇਖ, ਚੋਚੀ ਤੇ ਕਾਕੂ ਨੂੰ ਆਪਣਾ ਆਲ੍ਹਣਾ ਕਿੰਨਾ ਪਿਆਰਾ ਹੈ।"

"ਹਾਂ, ਹਾਂ ? ਪੰਛੀਆਂ ਨੂੰ ਵੀ ਆਪਣਾ ਕੋਈ ਨਾ ਕੋਈ ਟਿਕਾਣਾ ਬਣਾਉਣਾ ਹੀ ਪੈਂਦਾ ਹੈ।" ਸੁਖ਼ਨ ਦੀ ਮੰਮੀ ਨੇ ਹੁੰਗਾਰਾ ਭਰਦਿਆਂ ਕਿਹਾ।

ਆਂਡਿਆਂ 'ਚੋਂ ਕੁਝ ਦਿਨਾਂ ਬਾਅਦ ਬੋਟ ਨਿਕਲ ਆਏ। ਇਸ ਗੱਲ ਦਾ ਉਦੋਂ ਪਤਾ ਲੱਗਿਆ ਜਦੋਂ ਆਲ੍ਹਣੇ 'ਚੋਂ ਬੋਟਾਂ ਦੀ ਸੰਗੀਤਕ ਆਵਾਜ਼ ਆਉਂਦੀ ਰਹਿੰਦੀ। ਚੋਚੀ ਤੇ ਕਾਕੂ ਹੁਣ ਬਹੁਤ ਖੁਸ਼ ਹੁੰਦੇ। ਦੋਵੇਂ ਆਲ੍ਹਣੇ ਦੇ ਨੇੜੇ-ਨੇੜੇ ਰਹਿੰਦੇ।

ਕਈ ਦਿਨ ਲੰਘ ਗਏ। ਗਰਮੀ ਦੀ ਰੁੱਤ ਸੀ। ਐਤਵਾਰ ਦਾ ਦਿਨ ਸੀ। ਸੁਖ਼ਨ ਵਰਾਂਡੇ 'ਚ ਬੈਠੀ ਰਸਾਲਾ ਪੜ੍ਹ ਰਹੀ ਸੀ। ਉੱਤੇ ਛੱਤ ਵਾਲਾ ਪੱਖਾ ਚੱਲ ਰਿਹਾ ਸੀ। ਸੁਖ਼ਨ ਰਸਾਲਾ ਪੜ੍ਹਨ ਵਿੱਚ ਮਗਨ ਸੀ। ਉਸ ਦੀ ਮੰਮੀ ਰਸੋਈ ਵਿੱਚ ਕੰਮ ਕਰ ਰਹੀ ਸੀ।

ਵਰਾਂਡੇ 'ਚ ਛੱਤ ਵਾਲਾ ਪੱਖਾ ਤੇਜ਼ੀ ਨਾਲ ਘੁੰਮ ਰਿਹਾ ਸੀ। ਅਚਾਨਕ ਖੜਾਕ ਹੋਇਆ। ਸੁਖ਼ਨ ਡਰ ਗਈ। ਉਸ ਨੂੰ ਇੰਝ ਲੱਗਿਆ ਜਿਵੇਂ ਕੋਈ ਚੀਜ਼ ਛੱਤ ਵਾਲੇ ਪੱਖੇ ਨਾਲ ਟਕਰਾਈ ਹੋਵੇ। ਉਸ ਨੇ ਰਸਾਲਾ ਥਾਂਏ ਰੱਖ ਦਿੱਤਾ। ਇੱਧਰ ਉੱਧਰ ਤੱਕਿਆ ਤੇ ਉੱਠ ਖੜੋਈ।

ਸੁਖ਼ਨ ਨੇ ਵੇਖਿਆ ਕਿ ਚੋਚੀ ਵਰਾਂਡੇ ਦੇ ਇੱਕ ਖੂੰਜੇ ਡਿੱਗੀ ਪਈ ਸੀ। ਸੁਖ਼ਨ ਦਾ ਤ੍ਰਾਹ ਨਿਕਲ ਗਿਆ। ਉਸ ਨੇ ਚੀਕ ਮਾਰੀ। ਚੀਕ ਸੁਣ ਕੇ ਉਸ ਦੀ ਮੰਮੀ ਰਸੋਈ 'ਚੋਂ ਭੱਜੀ ਆਈ।



"ਹੈਂ, ਬੇਟੀ ਕੀ ਹੋਇਆ ?"

"ਮੰਮੀ-ਮੰਮੀ, ਚੋਚੀ ਨੂੰ ਵੇਖ ਕੀ ਹੋ ਗਿਆ ?" ਸੁਖ਼ਨ ਏਨਾ ਹੀ ਆਖ ਸਕੀ।

ਚੋਚੀ ਜ਼ਖ਼ਮੀ ਹੋਈ ਪਈ ਸੀ। ਉਸ ਦੇ ਟੁੱਟੇ ਖੰਭ ਖਿਲਰੇ ਪਏ ਸਨ। ਚੁੰਝ ਬੰਦ ਸੀ ਤੇ ਅੱਖਾਂ ਮੀਟੀ ਚੋਚੀ ਬੇ-ਸੁੱਧ ਪਈ ਸੀ। ਖ਼ੂਨ ਦੇ ਛਿੱਟੇ ਫਰਸ਼ 'ਤੇ ਡਿੱਗੇ ਪਏ ਸਨ। ਚੋਚੀ ਵੇਖੀ ਨਹੀਂ ਸੀ ਜਾਂਦੀ। ਉਹ ਟੱਡੇ ਹੋਏ ਹੱਥਾਂ ਨਾਲ ਖੜੀ ਸੀ।

"ਧੀਏ, ਚੋਚੀ ਤਾਂ ਵਿਚਾਰੀ ਖਤਮ ਹੋ ਗਈ।" ਸੁਖ਼ਨ ਦੀ ਮੰਮੀ ਨੇ ਬਹੁਤ ਹੀ ਮਸੋਸੇ ਦਿਲ ਨਾਲ ਕਿਹਾ।

ਸੁਖ਼ਨ ਦਾ ਗੱਚ ਭਰ ਆਇਆ। ਉਸ ਦਾ ਦਿਲ ਕੀਤਾ ਕਿ ਉਹ ਪੱਖੇ ਨੂੰ ਸਜ਼ਾ ਦੇਵੇ। ਪਰ ਇਸ ਵਿੱਚ ਪੱਖੇ ਦਾ ਕੀ ਕਸੂਰ ਸੀ। ਉਸ ਨੇ ਝੱਟ ਪੱਖਾ ਬੰਦ ਕਰ ਦਿੱਤਾ।

"ਧੀਏ, ਜਾ ਇਸ ਨੂੰ ਬਾਹਰ ਦਫ਼ਨਾ ਆ।" ਸੁਖ਼ਨ ਦੀ ਮੰਮੀ ਨੇ ਕਿਹਾ।

ਉਦਾਸ ਮਨ ਨਾਲ ਸੁਖ਼ਨ ਨੇ ਚੋਚੀ ਨੂੰ ਰੁਮਾਲ ਨਾਲ ਚੁੱਕਿਆ। ਗਲੀ ਦੇ ਕਈ ਬੱਚੇ ਸੁਖ਼ਨ ਨਾਲ ਚੋਚੀ ਨੂੰ ਲੈ ਕੇ ਬਾਹਰ ਨੂੰ ਤੁਰ ਪਏ। ਉਹਨਾਂ ਦੇ ਚਿਹਰਿਆਂ 'ਤੇ ਉਦਾਸੀ ਸੀ। ਸੁਖ਼ਨ ਚੋਚੀ ਬਾਰੇ ਆਪਣੀਆਂ ਸਹੇਲੀਆਂ ਨੂੰ ਦੱਸਦੀ ਜਾ ਰਹੀ ਸੀ। ਟੋਆ ਪੁੱਟ ਕੇ ਚੋਚੀ ਨੂੰ ਰੁਮਾਲ ਨਾਲ ਢੱਕ ਕੇ ਦੱਬ ਦਿੱਤਾ ਗਿਆ। ਭਰੇ ਹੋਏ ਮਨ ਨਾਲ ਸੁਖ਼ਨ ਘਰ ਆਈ।

ਵਿਹੜਾ ਉਦਾਸ-ਉਦਾਸ ਸੀ। ਕਾਕੂ ਵਿਹੜੇ 'ਚ ਆਉਂਦਾ ਤੇ ਉੱਡ ਜਾਂਦਾ। ਚੋਚੀ ਉਸ ਨੂੰ ਕਿਤੇ ਵੀ ਨਜ਼ਰ ਨਹੀਂ ਸੀ ਆ ਰਹੀ। ਉਹ ਉਸ ਨੂੰ ਇੱਧਰ-ਉੱਧਰ ਲੱਭ ਰਿਹਾ ਸੀ। ਕਦੇ ਆਲ੍ਹਣੇ ਵੱਲ ਤੱਕਦਾ ਤੇ ਕਦੇ ਬੋਟਾਂ ਦੀ ਆਵਾਜ਼ ਸੁਣਦਾ।

ਦੂਜੇ ਦਿਨ ਸੁਖ਼ਨ ਨੇ ਵੇਖਿਆ, ਕਾਕੂ ਉਦਾਸ ਹੋਇਆ ਆਲ੍ਹਣੇ ਕੋਲ ਬੈਠਾ ਸੀ। ਉਸ ਦੀ ਖ਼ੁਸ਼ੀ ਜਿਵੇਂ ਉੱਡ ਗਈ ਹੋਵੇ।

ਆਲ੍ਹਣੇ 'ਚੋਂ ਮਾਂ-ਮਹਿਟਰ ਬੋਟਾਂ ਦੀਆਂ ਮਿੱਠੀਆਂ-ਮਿੱਠੀਆਂ ਆਵਾਜ਼ਾਂ ਆ ਰਹੀਆਂ ਸਨ।

ਸੁਖ਼ਨ ਸੋਚਣ ਲੱਗੀ ਕਿ ਹੁਣ ਬੋਟ ਆਪਣੀ ਮਾਂ ਨੂੰ ਕਿੱਥੋਂ ਲੱਭਣਗੇ। ਇਨ੍ਹਾਂ ਨੂੰ ਚੋਗਾ ਕੌਣ ਦੇਵੇਗਾ ? ਇਨ੍ਹਾਂ ਨਾਲ ਗੱਲਾਂ ਕੌਣ ਕਰੇਗਾ ? ਇਨ੍ਹਾਂ ਨੂੰ ਮਾਂ ਦਾ ਪਿਆਰ ਕਿੱਥੋਂ ਮਿਲੇਗਾ ?...... ?

ਕਿੰਨਾ ਹੀ ਚਿਰ ਸੁਖ਼ਨ ਬੈਠੀ ਸੋਚਦੀ ਰਹੀ।



# ਅਨੋਖੀ ਸਜ਼ਾ

ਸ਼ਾਮ ਦਾ ਵੇਲਾ ਸੀ। ਅਸੀਂ ਆਪਣੇ ਘਰ ਦੇ ਗੁਆਂਢ ਵਾਲੇ ਵਿਹੜੇ ਵਿੱਚ ਖੇਡ ਰਹੀਆਂ ਸਾਂ। ਵਿਹੜਾ ਬੜਾ ਖੁੱਲ੍ਹਾ ਸੀ। ਅਸੀਂ ਉੱਥੇ ਹੀ ਰਲ-ਮਿਲ ਖੇਡਦੀਆਂ ਹੁੰਦੀਆਂ ਸੀ। ਮੈਂ, ਮੇਰੀਆਂ ਦੋ ਭੈਣਾਂ, ਮੇਰੀਆਂ ਸਹੇਲੀਆਂ ਦੀਪੀ, ਪੰਮੀ, ਭੋਲੀ, ਜੀਤੀ, ਕੁੰਤੀ, ਸੰਤੀ ਤੇ ਬੀਰੋ। ਸਭ ਤੋਂ ਪਹਿਲਾਂ ਅਸੀਂ ਪੀਚੋ ਖੇਡਣੀ ਸ਼ੁਰੂ ਕੀਤੀ। ਧਰਤੀ 'ਤੇ ਲੀਕਾਂ ਵਾਹੀਆਂ ਤੇ ਠੀਕਰੀ ਲੈ ਕੇ ਵਾਰੀ ਮਿੱਚੀ ਤੇ ਖੇਡ ਸ਼ੁਰੂ ਹੋ ਗਈ। ਵਾਰੀ-ਵਾਰੀ ਸਭ ਨੇ ਆਪੋ ਆਪਣੀ ਪੀਤੀ ਲਿੱਤੀ। ਸਾਨੂੰ ਸਾਰੀਆਂ ਕੁੜੀਆਂ ਨੂੰ ਰਲ ਕੇ ਖੇਡਣਾ ਬੜਾ ਚੰਗਾ ਲਗਦਾ।

ਦੀਪੀ ਕਹਿਣ ਲੱਗੀ, "ਚਲੋ, ਹੁਣ ਕੋਟਲਾ-ਛਪਾਕੀ ਖੇਡੀਏ।" ਸਾਰੀਆਂ ਕਹਿਣ ਲੱਗੀਆਂ, "ਹਾਂ-ਹਾਂ। ਕੋਟਲਾ-ਛਪਾਕੀ ਹੀ ਖੇਡੀਏ।" ਪੰਮੀ ਨੇ ਝੱਟ ਆਪਣੀ ਚੁੰਨੀ ਦਾ ਕੋਰੜਾ ਬਣਾ ਲਿਆ। ਅਸੀਂ ਬਾਕੀ ਦੀਆਂ ਗੋਲ ਚੱਕਰ ਬਣਾ ਕੇ ਬੈਠ ਗਈਆਂ। ਕੋਰੜਾ ਲੈ ਕੇ ਪੰਮੀ ਨੇ ਗੋਲ ਚੱਕਰ ਦੇ ਆਲੇ-ਦੁਆਲੇ ਘੁੰਮਣਾ ਸ਼ੁਰੂ ਕਰ ਦਿੱਤਾ। ਪੀਤੀ ਦੇਂਦੀ ਪੰਮੀ ਨੇ ਖੇਡ-ਗੀਤ ਗਾਉਣਾ ਸ਼ੁਰੂ ਕੀਤਾ।

"ਕੋਟਲਾ -ਛਪਾਕੀ, ਜੁੰਮੇ ਰਾਤ ਆਈ ਏ।"
ਅਸੀਂ ਅੱਗੋ ਉੱਤਰ ਦੇਂਦੀਆਂ।
"ਜਿਹੜਾ ਅੱਗੇ ਪਿੱਛੇ ਵੇਖੂ
ਉਹ ਦੀ ਸ਼ਾਮਤ ਆਈ ਏ।"



ਗੀਤ ਦੇ ਨਾਲ-ਨਾਲ ਖੇਡ ਖੂਬ ਭਖ ਗਈ। ਕਦੇ ਕਿਸੇ ਪਿੱਛੇ ਕੋਰੜਾ ਲਕੋਇਆ ਜਾਂਦਾ ਤੇ ਕਦੇ ਕਿਸੇ ਪਿੱਛੇ। ਜਿਸ ਤੋਂ ਕੋਰੜਾ ਚੁੱਕਿਆ ਨਾ ਜਾਂਦਾ, ਉਸ ਦੀ ਪਿੱਠ 'ਤੇ ਕੋਰੜੇ ਦੀ ਵਰਖਾ ਵਾਹਵਾ ਹੁੰਦੀ। ਪਿੱਠ 'ਤੇ ਕੋਰੜਾ ਵੱਜਦਾ ਤੇ ਅਗਲਾ ਅੱਗੇ-ਅੱਗੇ ਭੱਜਦਾ ਤੇ ਥਾਂ ਮੱਲਣ ਦੀ ਕਰਦਾ। ਕੋਟਲਾ-ਛਪਾਕੀ

ਖੇਡ-ਖੇਡ ਅਸੀਂ ਹਫ਼ ਗਈਆਂ। ਜੀਅ ਕਰਦਾ ਸੀ ਕਿ ਹੁਣ ਕੋਈ ਹੋਰ ਖੇਡ ਖੇਡੀਏ।

ਮੈਂ ਸਹੇਲੀਆਂ ਨੂੰ ਬਿਨਾ ਦੱਸਿਆਂ ਆਪਣੇ ਘਰ ਨੂੰ ਭੱਜ ਲੀ। ਹਫ਼ਦੀ-ਹਫ਼ਦੀ ਮੈਂ ਆਪਣੀ ਮੰਮੀ ਨੂੰ ਕਹਿਣ ਲੱਗੀ।

"ਮੰਮੀ, ਮੰਮੀ, ਭੈਣ ਮੋਣੀ ਦੇ ਪੈਰ ਦਾ ਗਿੱਟਾ ਮੁਚ ਗਿਆ।"

"ਹੈਂ, ਹੈਂ, ਕਿਵੇਂ-ਕਿੱਥੇ ?" ਮੰਮੀ ਘਬਰਾਈ ਹੋਈ ਬੋਲੀ।

ਮੰਮੀ ਨੇ ਝੱਟ ਹੱਥੀਂ ਕੰਮ ਛੱਡ ਦਿੱਤਾ ਤੇ ਵਿਹੜੇ 'ਚ ਆ ਪੁੱਜੀ। ਆਉਂਦੀ-ਆਉਂਦੀ ਨੇ ਉਸ ਨੇ ਮੇਰੇ ਛੋਟੇ ਵੀਰ ਨੂੰ ਪਿੰਡ ਦੇ ਦਰਵਾਜ਼ੇ ਤੋਂ ਪਿਤਾ ਜੀ ਨੂੰ ਬੁਲਾਉਣ ਲਈ ਸੁਨੇਹਾ ਵੀ ਭੇਜ ਦਿੱਤਾ।

"ਧੀਏ ਮੋਣੀ, ਗਿੱਟਾ ਕਿਵੇਂ ਮੁੱਚ ਗਿਆ ? ਕਿਹੜਾ, ਲਿਆ ਵਿਖਾ ਤਾਂ। ਧਿਆਨ ਨਾਲ ਖੇਡਣਾ ਸੀ।" ਮੰਮੀ ਨੇ ਆਉਂਦਿਆਂ ਹੀ ਪੁੱਛਣਾ ਸ਼ੁਰੂ ਕਰ ਦਿੱਤਾ।

ਭਲਾ, ਗਿੱਟਾ ਤਾਂ ਮੁਚਿਆ ਹੀ ਨਹੀਂ ਸੀ। ਮੋਣੀ ਭੈਣ ਸੁਣ ਕੇ ਹੈਰਾਨ ਹੋ ਰਹੀ ਸੀ ਤੇ ਸਹੇਲੀਆਂ ਵੀ ਹੱਕੀਆਂ-ਬੱਕੀਆਂ ਹੋ ਰਹੀਆਂ ਸਨ। ਮੰਮੀ ਨੂੰ ਜਿਵੇਂ ਕੁਝ ਸਮਝ ਨਹੀਂ ਸੀ ਆ ਰਿਹਾ। ਮੈਂ ਅੰਦਰੋਂ ਅੰਦਰੀਂ ਆਪਣੀ ਸ਼ਰਾਰਤ ਅਤੇ ਚਲਾਕੀ 'ਤੇ ਹੱਸ ਰਹੀ ਸੀ ਜਿਵੇਂ ਮੈਂ ਸਭ ਦਾ ਬੁੱਧੂ ਬਣਾ ਦਿੱਤਾ ਹੋਵੇ।

"ਮੰਮੀ, ਮੈਨੂੰ ਤਾਂ ਕੁਝ ਨਹੀਂ ਹੋਇਆ।" ਮੋਣੀ ਕਹਿ ਰਹੀ ਸੀ। ਏਨੇ ਨੂੰ ਪਿਤਾ ਜੀ ਵੀ ਹੱਥ 'ਚ ਸਰ੍ਹੋਂ ਦੇ ਤੇਲ ਦੀ ਸ਼ੀਸ਼ੀ, ਰੂੰ ਤੇ ਪੱਟੀ ਲੈ ਕੇ ਉੱਥੇ ਆ ਗਏ। ਉਹਨਾਂ ਦੇ ਚਿਹਰੇ ਉੱਤੇ ਘਬਰਾਹਟ ਸੀ। ਛੋਟਾ ਵੀਰ ਚੁੱਪ ਕੀਤਾ ਖਲੋਤਾ ਸੀ।

"ਹੋ ਸਕਦਾ ਹੈ, ਕਿਤੇ ਬੇਟੀ ਮੋਣੀ ਦੇ ਸੱਟ ਵੱਧ ਹੀ ਨਾ ਲਗ ਗਈ ਹੋਵੇ। ਲੜਕੀ ਦਾ ਮਾਮਲਾ। ਬੱਚੇ ਤਾਂ ਠੀਕ-ਠਾਕ ਰਹਿਣ ਤਾਂ ਹੀ ਚੰਗਾ ਹੈ। ਪਰ ਬੱਚਿਆਂ ਨੂੰ ਖੇਡਣ ਤੋਂ ਰੋਕਿਆ ਵੀ ਨਹੀਂ ਜਾ ਸਕਦਾ। ਖੇਡਣਾ ਵੀ ਜ਼ਰੂਰੀ ਹੈ। ਸੱਟ ਦਾ ਕੀ ਐ, ਕਿਸੇ ਦੇ ਕਦੇ ਵੀ ਲੱਗ ਸਕਦੀ ਐ। ਪਰ ਬੱਚਿਆਂ ਨੂੰ ਸਮਝਾਇਆ ਵੀ ਕਿਵੇਂ ਜਾਵੇ। ਅੱਲ੍ਹੜ ਉਮਰ।"





ਇੱਕ ਵੇਰ ਤਾਂ ਮੈਂ ਪਿਤਾ ਜੀ ਨੂੰ ਵੇਖ ਕੇ ਡਰ ਗਈ। ਸੋਚ ਰਹੀ ਸਾਂ ਹੁਣ ਖੁੰਬ ਠੱਪ ਹੋਊ। ਉਹ ਵੀ ਸਹੇਲੀਆਂ ਦੇ ਸਾਹਮਣੇ। ਉਥੋਂ ਭੱਜਦੀ ਵੀ ਕਿਵੇਂ। ਮੇਰਾ ਮੂੰਹ ਉਤਰ ਗਿਆ। ਮੈਂ ਭਿੱਜੀ ਹੋਈ ਬਿੱਲੀ-ਵਾਂਗ ਖਲੋਤੀ ਸਾਂ। ਡਰੀ-ਡਰੀ, ਸਹਿਮੀ-ਸਹਿਮੀ। ਸਹੇਲੀਆਂ ਚੁੱਪ ਕੀਤੀਆਂ ਮੇਰੇ ਵੱਲ ਤੱਕ ਰਹੀਆਂ ਸਨ ਜਿਵੇਂ ਸਭ ਦੇ ਸਾਹ ਸੀਤੇ ਗਏ ਹੋਣ। ਮੈਂ ਉਹਨਾਂ ਵਿੱਚ ਸਭ ਤੋਂ ਵੱਡੀ ਸਾਂ-ਚਲਾਕੋ ਮਾਸੀ।

ਮੰਮੀ ਨੇ ਮੇਰੀ ਤਾੜ-ਫਾੜ ਕਰਨੀ ਚਾਹੀ। ਉਹ ਮੈਨੂੰ ਅੱਖਾਂ-ਅੱਖਾਂ ਨਾਲ ਘੂਰਨਾ ਚਾਹੁੰਦੀ ਸੀ ਪਰੰਤੂ ਪਿਤਾ ਜੀ ਨੇ ਉਸ ਨੂੰ ਰੋਕ ਦਿੱਤਾ। ਮੇਰਾ ਝੂਠ ਨੰਗਾ ਹੋ ਗਿਆ ਸੀ। ਪਿਤਾ ਜੀ ਨੇ ਕਿਹਾ, "ਅੱਛਾ ਬੱਚਿਓ, ਤੁਸੀਂ ਤਾਂ ਖੇਡੋ।" ਮੈਂ ਹੋਰ ਵੀ ਡਰ ਗਈ। ਕੋਟਲਾ-ਛਪਾਕੀ ਵਿੱਚ ਤਾਂ ਮੇਰੀ ਸ਼ਾਮਤ ਨਹੀਂ ਸੀ ਆਈ ਪਰੰਤੂ ਹੁਣ ਮੇਰੀ ਸ਼ਾਮਤ ਜ਼ਰੂਰ ਆਈ ਹੋਈ ਸੀ।

ਪਿਤਾ ਜੀ ਨੇ ਮੈਨੂੰ ਆਪਣੇ ਕੋਲ ਬੁਲਾਇਆ। ਮੈਂ ਜਿਵੇਂ ਕੰਬ ਰਹੀ ਹੋਵਾਂ। ਪਿਤਾ ਜੀ ਨੇ ਮੈਥੋਂ ਮੇਰੀ ਚੁੰਨੀ ਲਈ ਤੇ ਵਿਹੜੇ 'ਚ ਖੜੋਤੇ ਸਫੈਦੇ ਦੇ ਰੁੱਖ ਨਾਲ ਮੈਨੂੰ ਬੰਨ੍ਹ ਦਿੱਤਾ, ਕੋਰੜੇ ਵਾਲੀ ਚੁੰਨੀ ਹੁਣ ਮੇਰੇ ਆਲੇ-ਦੁਆਲੇ ਲਿਪਟੀ ਹੋਈ ਸੀ। ਮੈਂ ਨੂੜੀ ਖੜੀ ਸਾਂ ਤੇ ਮੇਰੀਆਂ ਸਹੇਲੀਆਂ ਖੇਡ ਦਾ ਅਨੰਦ ਮਾਣ ਰਹੀਆਂ ਸਨ। ਉਹ ਮੇਰੇ ਵੱਲ ਤੱਕ ਵੀ ਲੈਂਦੀਆਂ। ਜੰਗਲ ਵਿੱਚ ਡਾਕੂਆਂ ਦੇ ਨੂੜੇ ਹੋਏ ਮੁਖੀ ਦੀ ਵਾਰਤਾ ਮੈਨੂੰ ਯਾਦ ਆ ਰਹੀ ਸੀ। ਮੈਂ ਅੱਖਾਂ ਨੀਵੀਂਆਂ ਪਾਈ ਖੜੋਤੀ ਸਾਂ। ਮੈਨੂੰ ਆਪਣੀ ਗ਼ਲਤੀ 'ਤੇ ਪਛਤਾਵਾ ਹੋ ਰਿਹਾ ਸੀ। ਝੂਠ ਬੋਲਣ ਕਾਰਨ ਮੇਰੀ ਖੇਡ ਬੰਦ ਹੋ ਗਈ ਸੀ।

ਦਸ ਕੁ ਮਿੰਟਾਂ ਪਿੱਛੋਂ ਪਿਤਾ ਜੀ ਨੇ ਮੇਰੀ ਚੁੰਨੀ ਖੋਲ੍ਹ ਦਿੱਤੀ। ਮੈਨੂੰ ਸੁੱਖ ਦਾ ਸਾਹ ਆਇਆ ਜਿਵੇਂ ਮੈਂ ਮੁਕਤ ਹੋ ਗਈ ਹੋਵਾਂ। ਦਸ ਮਿੰਟ ਮੈਨੂੰ ਕਈ ਘੰਟਿਆਂ ਜਿੰਨੇ ਲੰਮੇ ਲੱਗੇ।

"ਜਾਹ, ਹੁਣ ਤੂੰ ਵੀ ਆਪਣੀਆਂ ਸਹੇਲੀਆਂ ਨਾਲ ਖੇਡ ਲੈ। ਧੀਏ, ਅੱਗੋਂ ਕਦੇ ਝੂਠ ਨਾ ਬੋਲੀਂ। ਬੱਸ ਤੈਨੂੰ ਅੱਜ ਇਹ ਸਜ਼ਾ ਦੇਣੀ ਸੀ।" ਪਿਤਾ ਜੀ ਦੇ ਬੋਲ ਮੇਰੇ ਕੰਨਾਂ 'ਚ ਗੂੰਜ ਰਹੇ ਸਨ।

ਮੈਂ ਮੁਆਫ਼ੀ ਮੰਗੀ। ਕੰਨਾਂ ਨੂੰ ਹੱਥ ਲਾਏ ਤੇ ਮੁੜ ਕਦੇ ਝੂਠ ਨਾ ਬੋਲਣ ਦਾ ਪ੍ਰਣ ਕੀਤਾ।

ਮਾਤਾ ਜੀ ਹੈਰਾਨ ਹੋਏ ਮੇਰੀ ਵੱਲ ਤੱਕ ਰਹੇ ਸਨ।



# ਸਫ਼ਲਤਾ ਦਾ ਭੇਤ



ਅਪਰੈਲ ਦਾ ਪਹਿਲਾ ਹਫ਼ਤਾ ਸੀ। ਥੋੜ੍ਹੀ-ਥੋੜ੍ਹੀ ਗਰਮੀ ਪੈਣੀ ਸ਼ੁਰੂ ਹੋ ਗਈ ਸੀ। ਸਕੂਲਾਂ ਵਿਚ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਨਿਕਲ ਚੁੱਕੇ ਸਨ। ਵਿਦਿਆਰਥੀ ਅਗਲੀਆਂ ਸ਼੍ਰੇਣੀਆਂ ਲਈ ਨਵੀਆਂ ਪੁਸਤਕਾਂ, ਕਾਪੀਆਂ ਤੇ ਹੋਰ ਸਮੱਗਰੀ ਲੈਣ ਲਈ ਉਤਾਵਲੇ ਹੋ ਰਹੇ ਸਨ। ਜਿਹੜੇ ਵਿਦਿਆਰਥੀ ਪਾਸ ਹੋਏ ਸਨ ਉਹਨਾਂ ਨੂੰ ਚਾਅ ਚੜ੍ਹਿਆ ਹੋਇਆ ਸੀ। ਉਹ ਇਕ-ਦੂਜੇ ਨੂੰ ਵਧਾਈਆਂ ਦੇ ਰਹੇ ਸਨ। ਉਹਨਾਂ ਦੇ ਮਾਪੇ ਵੀ ਖੁਸ਼ੀ ਵਿੱਚ ਮਿਠਾਈ ਵੰਡ ਰਹੇ ਸਨ। ਚੰਗੇ ਨੰਬਰ ਲੈਣ ਵਾਲੇ ਬੱਚਿਆਂ ਨੂੰ ਤੋਹਫ਼ੇ ਮਿਲ ਰਹੇ ਸਨ। ਸਫ਼ਲਤਾ ਦੀ ਖੁਸ਼ੀ ਕਿਸੇ ਨੂੰ ਨਹੀਂ ਹੁੰਦੀ। ਪਰੰਤੂ ਕੁਲਤਾਰ ਦਾ ਮਿੱਤਰ ਦਲਬੀਰ ਪ੍ਰੀਖਿਆ 'ਚ ਫੇਲ੍ਹ ਹੋ ਗਿਆ ਸੀ। ਉਹ ਦੋਵੇਂ ਨੌਵੀਂ ਸ਼੍ਰੇਣੀ 'ਚ ਪੜ੍ਹਦੇ ਸਨ।

ਦਲਬੀਰ ਸ਼ੁਰੂ-ਸ਼ੁਰੂ ਵਿੱਚ ਪੜ੍ਹਾਈ 'ਚ ਚੰਗਾ ਸੀ-ਪਰੰਤੂ ਪ੍ਰੀਖਿਆ ਤੋਂ ਕੁਝ ਮਹੀਨੇ ਪਹਿਲਾਂ ਉਹ ਲਾ-ਪਰਵਾਹ ਹੁੰਦਾ ਚਲਾ ਗਿਆ। ਉਸ ਨੇ ਕੁਲਤਾਰ ਦਾ ਸਾਥ ਛੱਡ ਕੇ ਹੋਰ ਮੁੰਡਿਆਂ ਨਾਲ ਜੋਟੀ ਬਣਾ ਲਈ ਜਿਹੜੇ ਭੈੜੀਆਂ ਆਦਤਾਂ ਵਾਲੇ ਸਨ। ਕਈ ਵੇਰ ਉਹ ਸਕੂਲੋਂ ਵੀ ਗ਼ੈਰ-ਹਾਜ਼ਰ ਰਹਿੰਦਾ। ਕੁਲਤਾਰ ਦਾ ਦਿਲ ਵੀ ਦੁਖੀ ਹੁੰਦਾ। ਉਸਨੇ ਆਪਣੇ ਮਿੱਤਰ ਦਲਬੀਰ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰੰਤੂ ਉਸ ਦੇ ਕੰਨ 'ਤੇ ਜੂੰ ਤੱਕ ਨਾ ਸਰਕੀ। ਦਲਬੀਰ ਆਪਣਾ ਬਹੁਤਾ ਸਮਾਂ ਪੜ੍ਹਾਈ 'ਚ ਲਾਉਣ ਦੀ ਥਾਂ ਫ਼ਜ਼ੂਲ ਗੱਲਾਂ ਵਿੱਚ ਲਾਉਂਦਾ ਰਹਿੰਦਾ। ਘਰੋਂ ਗਿਆ ਕਿੰਨਾ-ਕਿੰਨਾ ਚਿਰ ਵਾਪਸ ਨਾ ਮੁੜਦਾ। ਉਸ ਦੇ ਮਾਪੇ ਵੀ ਉਸਨੂੰ ਸਮਝਾਉਂਦੇ ਰਹਿੰਦੇ। ਉਸਦੀ ਲਾ-ਪਰਵਾਹੀ ਦਾ ਨਤੀਜਾ ਇਹ

ਹੋਇਆ ਕਿ ਉਹ ਨੌਵੀਂ 'ਚੋਂ ਫੇਲ੍ਹ ਹੋ ਗਿਆ। ਉੱਧਰ ਕੁਲਤਾਰ ਦੇ ਮਾਪੇ ਖੁਸ਼ ਸਨ ਕਿਉਂਕਿ ਉਸ ਨੇ ਚੰਗੇ ਨੰਬਰ ਪ੍ਰਾਪਤ ਕੀਤੇ ਸਨ। ਅਧਿਆਪਕ ਵੀ ਉਸ ਦੀ ਪ੍ਰਸ਼ੰਸਾ ਕਰ ਰਹੇ ਸਨ।

ਫੇਲ੍ਹ ਹੋਣ ਨਾਲ ਦਲਬੀਰ ਦਾ ਦਿਲ ਟੁੱਟ ਗਿਆ। ਉਹ ਮਸੋਸਿਆ-ਮਸੋਸਿਆ ਰਹਿਣ ਲੱਗਾ। ਉਹ ਆਪਣੇ ਸਹਿ-ਪਾਠੀਆਂ ਤੋਂ ਪਿੱਛੇ ਰਹਿਣ ਕਾਰਨ ਉਦਾਸ ਸੀ। ਉਸ ਨਾਲੋਂ ਘੱਟ ਨੰਬਰ ਲੈਣ ਵਾਲੇ ਕਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਪਾਸ ਕਰ ਗਏ ਸਨ। ਦਲਬੀਰ ਨੂੰ ਆਪਣੀ ਹੇਠੀ ਮਹਿਸੂਸ ਹੋਣ ਲੱਗੀ। ਉਸਦੀ ਅਜਿਹੀ ਹਾਲਤ ਹੋ ਗਈ ਕਿ ਉਹ ਪੜ੍ਹਾਈ ਛੱਡ ਦੇਣ ਲਈ ਸੋਚਣ ਲੱਗਾ। ਉਹ ਸਕੂਲ ਜਾਣ ਤੋਂ ਕੰਨੀਂ ਕਤਰਾਉਣ ਲੱਗਾ। ਉਸ ਦੇ ਮਾਪਿਆਂ ਨੂੰ ਵੀ ਚਿੰਤਾ ਹੋਣ ਲੱਗੀ। ਉਹਨਾਂ ਨੇ ਆਪਣੇ ਪੁੱਤਰ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਉਸ ਦੇ ਮਿੱਤਰ ਕੁਲਤਾਰ ਨ ਵੀ ਉਸ ਨੂੰ ਹੌਸਲਾ ਦੇਣਾ ਚਾਹਿਆ ਪਰੰਤੂ ਉਸ ਦਾ ਦਿਲ ਨਾ ਟਿਕ ਸਕਿਆ।

ਕਈ ਦਿਨ ਲੰਘ ਗਏ। ਇਕ ਦਿਨ ਦਲਬੀਰ ਉਦਾਸਿਆ-ਉਦਾਸਿਆ ਵਰਾਂਡੇ 'ਚ ਬੈਠਾ ਸੀ। ਘਰ ਕੋਈ ਨਹੀਂ ਸੀ। ਦੁਪਹਿਰ ਦਾ ਵੇਲਾ ਸੀ। ਇੱਕ ਚਿੜਾ ਤੇ ਚਿੜੀ ਵਰਾਂਡੇ ਦੀ ਛੱਤ ਵਿੱਚ ਆਲ੍ਹਣਾ ਬਣਾਉਣ ਵਿੱਚ ਲੱਗੇ ਹੋਏ ਸਨ। ਛੱਤ ਦੇ ਖੁੱਲ੍ਹੇ ਗਾਡਰ ਦੇ ਸਿਰੇ ਉੱਤੇ ਚਿੜਾ ਤੇ ਚਿੜੀ ਕਈ ਦਿਨਾਂ ਤੋਂ ਆਲ੍ਹਣਾ ਬਣਾਉਣ ਦਾ ਯਤਨ ਕਰ ਰਹੇ ਸਨ ਪਰ ਆਲ੍ਹਣਾ ਬਣਨ ਵਿੱਚ ਨਹੀਂ ਸੀ ਆਉਂਦਾ। ਚਿੜਾ ਤੇ ਚਿੜੀ ਫਿਰ ਵੀ ਆਲ੍ਹਣਾ ਬਣਾਉਣ ਵਿੱਚ ਲੱਗੇ ਹੋਏ ਸਨ।



ਘਾਹ, ਫੂਸ ਤੇ ਤੀਲ੍ਹੇ ਥੱਲੇ ਫਰਸ਼ 'ਤੇ ਡਿੱਗ ਜਾਂਦੇ। ਦਲਬੀਰ ਦੀ ਮਾਤਾ ਜੀ ਹਰ ਰੋਜ਼ ਥੱਲੇ ਡਿੱਗੇ ਘਾਹ-ਫੂਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦੇਂਦੀ।

ਚਿੜਾ ਤੇ ਚਿੜੀ ਰੱਸੀਆਂ, ਘਾਹ ਦੇ ਤਿਣਕੇ ਤੇ ਡੱਕੇ ਬੜੀ ਮਿਹਨਤ ਨਾਲ ਬਾਹਰੋਂ



ਆਪਣੀਆਂ ਚੁੰਝਾਂ ਵਿੱਚ ਲਿਆਉਂਦੇ ਤੇ ਗਾਰਡ ਉੱਤੇ ਟੁੰਗਣ ਦੀ ਕੋਸ਼ਿਸ਼ ਕਰਦੇ ਰਹਿੰਦੇ। ਤੀਲ੍ਹੇ ਤੇ ਡੱਕੇ ਡਿੱਗ ਜਾਂਦੇ ਪਰ ਚਿੜਾ-ਚਿੜੀ ਚੀਂ-ਚੀਂ ਕਰਦੇ ਉਡਾਰੀ ਮਾਰ ਬਾਹਰ ਨੂੰ ਉੱਡ ਜਾਂਦੇ। ਦੂਰੋਂ-ਦੂਰੋਂ ਤੀਲ੍ਹੇ ਤੇ ਤਿਣਕੇ ਲਿਆਉਂਦੇ ਰਹਿੰਦੇ।

ਉਦਾਸ ਹੋਇਆ ਦਲਬੀਰ ਚਿੜਾ-ਚਿੜੀ ਨੂੰ ਧਿਆਨ ਨਾਲ ਵੇਖਣ ਲੱਗਾ। ਕਈ ਵੇਰ ਚਿੜੀ ਬਹੁਤ ਵੱਡਾ ਤੀਲ੍ਹਾ ਲਿਆਉਂਦੀ ਤੇ ਆਲ੍ਹਣਾ ਬਣਾਉਣ ਲਈ ਗਾਡਰ ਉੱਤੇ ਟੁੰਗ ਦਿੰਦੀ। ਉਹ ਉੱਡ ਜਾਂਦੀ ਤੇ ਚਿੜਾ ਤੀਲ੍ਹਾ ਲੈ ਆਉਂਦਾ। ਆਲ੍ਹਣਾ ਕਾਫ਼ੀ ਵੱਡਾ ਬਣ ਗਿਆ ਸੀ। ਚਿੜਾ ਉੱਡ ਜਾਂਦਾ ਤੇ ਚਿੜੀ ਆ ਜਾਂਦੀ। ਆਲ੍ਹਣੇ 'ਚ ਚਿੜੀ ਨੇ ਆਂਡੇ ਦੇਣੇ ਸਨ ਤੇ ਆਂਡਿਆਂ 'ਚੋਂ ਬੋਟ ਨਿਕਲਣੇ ਸਨ। ਚੀਂ-ਚੀਂ ਕਰਦੇ ਬੋਟਾਂ ਨੇ ਵੱਡੇ ਹੋ ਕੇ ਉੱਥੋਂ ਉੱਡ ਜਾਣਾ ਸੀ। ਚਿੜਾ ਤੇ ਚਿੜੀ ਨੂੰ ਖ਼ੁਸ਼ੀ ਹੋਣੀ ਸੀ।

ਦਲਬੀਰ ਸਭ ਕੁਝ ਟਿਕ-ਟਿਕੀ ਲਾ ਕੇ ਵੇਖ ਰਿਹਾ ਸੀ।

ਦਲਬੀਰ ਚਿੜਾ-ਚਿੜੀ ਦਾ ਆਲ੍ਹਣਾ ਬਣਾਉਣ ਦੀ ਜ਼ਿੱਦ 'ਤੇ ਹੈਰਾਨ ਹੋ ਰਿਹਾ ਸੀ। ਉਹ ਆਲ੍ਹਣਾ ਬਣਾਉਣ ਵਿੱਚ ਜੁਟੇ ਰਹੇ। ਆਲ੍ਹਣਾ ਆਖ਼ਿਰ ਬਣ ਹੀ ਗਿਆ।

ਦਲਬੀਰ ਨੂੰ ਖ਼ਿਆਲ ਆਇਆ ਕਿ ਮੈਂ ਵੀ ਸਫ਼ਲ ਹੋ ਸਕਦਾ ਹਾਂ। ਦਿਲ ਢਾਹਣ ਨਾਲ ਤਾਂ ਕੁਝ ਨਹੀਂ ਸੌਰਨਾ, ਕਿਉਂ ਨਾ ਮਨ ਲਾ ਕੇ ਮੁੜ ਪੜ੍ਹਾਈ ਸ਼ੁਰੂ ਕਰ ਦਿਆਂ। ਜੇ ਇਹ ਪੰਛੀ ਆਲ੍ਹਣਾ ਬਣਾਉਣ ਵਿੱਚ ਸਫ਼ਲ ਹੋ ਸਕਦੇ ਹਨ ਤਾਂ ਮੈਂ ਕਿਉਂ ਨਹੀਂ ਪਾਸ ਹੋ ਸਕਦਾ। ਮੈਨੂੰ ਮੁੜ ਮਿਹਨਤ ਅਰੰਭ ਕਰ ਦੇਣੀ ਚਾਹੀਦੀ ਹੈ। ਹਾਰ ਨੂੰ ਸਫ਼ਲਤਾ ਵਿੱਚ ਬਦਲਿਆ ਜਾ ਸਕਦਾ।

ਦਲਬੀਰ ਨੇ ਸਕੂਲ ਜਾਣ ਦਾ ਪੱਕਾ ਮਨ ਬਣਾ ਲਿਆ। ਉਸ ਨੂੰ ਆਪਣੇ ਮਿੱਤਰ ਦਾ ਆਖਿਆ ਵੀ ਚੰਗਾ ਲੱਗਣ ਲੱਗਾ। ਉਸ ਨੇ ਆਪਣੇ ਮਾਪਿਆਂ ਦੀ ਸਿੱਖਿਆ ਦੀ ਕਦਰ ਕਰਨੀ ਜ਼ਰੂਰੀ ਸਮਝੀ।

ਹੁਣ ਦਲਬੀਰ ਦੇ ਚਿਹਰੇ ਉੱਤੇ ਉਦਾਸੀ ਦੀ ਥਾਂ ਖ਼ੁਸ਼ੀ ਦੀ ਚਮਕ ਸੀ। ਉਸ ਦੇ ਪੈਰ ਸਕੂਲ ਪੁੱਜਣ ਲਈ ਕਾਹਲੇ ਪੈ ਰਹੇ ਸਨ।

ਅਗਲੇ ਦਿਨ ਦਲਬੀਰ ਤਿਆਰ ਹੋ ਕੇ ਸਕੂਲ ਨੂੰ ਤੁਰ ਪਿਆ।

ਹੁਣ ਉਸ ਦੇ ਮਾਪੇ ਵੀ ਖ਼ੁਸ਼ ਹੋ ਰਹੇ ਸਨ।



# ਮਾਂ ਦੀ ਸਿੱਖਿਆ

ਆਥਣ ਵੇਲਾ ਸੀ। ਕੁਝ ਬੱਚੇ ਸ਼ਹਿਰ ਦੇ ਚੌਕ ਨੇੜੇ ਖੇਡ ਰਹੇ ਸਨ। ਸੂਰਜ ਦੀਆਂ ਸੁਨਹਿਰੀ ਕਿਰਨਾਂ ਬੱਚਿਆਂ ਦੇ ਚਿਹਰਿਆਂ 'ਤੇ ਪੈ ਰਹੀਆਂ ਸਨ। ਬੱਚੇ ਖੁਸ਼ੀ 'ਚ ਮਸਤ ਹੋਏ ਖੇਡ ਦਾ ਅਨੰਦ ਮਾਣ ਰਹੇ ਸਨ। ਸਾਰਿਆਂ ਦਾ ਧਿਆਨ ਖੇਡ ਵਿੱਚ ਸੀ। ਖੇਡ ਕਿਸ ਨੰ ਚੰਗੀ ਨਹੀਂ ਲੱਗਦੀ। ਵਾਹਵਾ, ਸ਼ੋਰ ਮੱਚ ਰਿਹਾ ਸੀ।



ਅਚਾਨਕ, ਉਹਨਾਂ ਬੱਚਿਆਂ ਕੋਲੋਂ ਇੱਕ ਬੁੱਢਾ ਉੱਥੋਂ ਲੰਘਿਆ ਜਾ ਰਿਹਾ ਸੀ। ਬੁੱਢਾ ਇੱਕ ਲੱਤ ਤੋਂ ਲੰਗੜਾ ਸੀ। ਉਹ ਬਹੁਤ ਹੌਲੀ-ਹੌਲੀ ਕਦਮ ਪੁੱਟ ਰਿਹਾ ਸੀ। ਨਿਗ੍ਹਾ ਕਮਜ਼ੋਰ ਹੋਣ ਕਾਰਨ, ਉਸ ਨੇ ਐਨਕ ਲਾਈ ਹੋਈ ਸੀ। ਸਿਰ 'ਤੇ ਕਾਲੀ ਟੋਪੀ ਪਹਿਨੀ ਹੋਈ ਸੀ। ਉਸ ਦੇ ਕੋਟ ਦੀਆਂ ਜੇਬਾਂ ਵੱਡੀਆਂ-ਵੱਡੀਆਂ ਸਨ। ਉਸ ਨੇ ਇੱਕ ਹੱਥ ਵਿੱਚ ਖੂੰਡੀ ਫੜੀ ਹੋਈ ਸੀ ਸ਼ਾਮ ਹੋਣ ਕਾਰਨ, ਨਿੰਮ੍ਹਾ-ਨਿੰਮ੍ਹਾ ਨੇਰ੍ਹਾ ਹੋ ਰਿਹਾ ਸੀ। ਟੋਪੀ ਵਾਲਾ ਉਹ ਬੁੱਢਾ ਤੁਰਦਾ-ਤੁਰਦਾ ਰਸਤੇ 'ਚ ਪਏ ਇੱਕ ਪੱਥਰ ਨਾਲ ਠੇਡਾ ਲੱਗਣ ਕਾਰਨ ਡਿੱਗ ਪਿਆ। ਡਿਗਦੇ ਹੀ ਉਸ ਦੇ ਮੂੰਹੋਂ ਹਾ...ਏ ਸ਼ਬਦ ਨਿਕਲਿਆ। ਉਸ ਨੂੰ ਵੇਖ ਕੇ ਬੱਚੇ ਹੱਸਣ ਲੱਗ ਪਏ ਜਿਵੇਂ ਉਸ ਦਾ ਮਜ਼ਾਕ ਉਡਾਣਾ ਚਾਹੁੰਦੇ ਹੋਣ। "ਹੀ....ਹੀ।"

ਬੁੱਢੇ ਦੀ ਟੋਪੀ ਸਿਰ ਤੋਂ ਲੱਥ ਗਈ। ਹੱਥੋਂ ਖੂੰਡੀ ਛੁਟਕ ਗਈ। ਐਨਕ ਨੂੰ ਡਿੱਗਣ ਤੋਂ ਉਸ ਨੇ ਮਸਾਂ ਹੀ ਬਚਾਇਆ। ਉਸ ਦੇ ਕੱਪੜੇ ਮਿੱਟੀ ਨਾਲ ਲਿੱਬੜ ਗਏ। ਬੁੱਢਾ ਬੇਬਸ ਹੋਇਆ, ਉੱਠਣ ਦਾ ਯਤਨ ਕਰ ਰਿਹਾ ਸੀ। ਝੱਟ ਉਹਨਾਂ ਬੱਚਿਆਂ 'ਚੋਂ ਇਕ ਬੱਚਾ ਆਪਣੀ ਖੇਡ ਛੱਡ ਕੇ, ਉਸ ਬੁੱਢੇ ਕੋਲ ਭੱਜਿਆ ਆਇਆ। ਉਸ ਨੇ ਬੁੱਢੇ ਦੀ ਡਿੱਗੀ ਪਈ ਟੋਪੀ ਝਾੜ ਕੇ ਸਿਰ 'ਤੇ ਦਿੱਤੀ। ਖੂੰਡੀ ਚੁੱਕੀ ਤੇ ਡਿੱਗੇ ਪਏ ਬੁੱਢੇ ਨੂੰ ਬਾਹੋਂ ਉਠਾਇਆ। ਉਸ ਦੇ ਕੱਪੜਿਆਂ ਤੋਂ ਮਿੱਟੀ ਝਾੜੀ। ਉਸ ਨੇ ਬੁੱਢੇ ਨੂੰ ਸਹਾਰਾ ਦਿੱਤਾ। ਬੁੱਢੇ ਨੂੰ ਖੂੰਡੀ ਫੜਾ ਕੇ ਮੁੜ ਤੁਰਨ ਲਈ ਰਸਤਾ ਦੱਸਣ ਲੱਗਾ। ਬਾਕੀ ਬੱਚੇ ਆਪਣੀ ਖੇਡ ਵਿੱਚ ਮਸਤ ਰਹੇ। ਬੁੱਢੇ ਦੇ ਚਿਹਰੇ ਉੱਤੇ ਇਕ ਖੁਸ਼ੀ ਲਹਿਰੀ। ਉਸ ਨੇ ਆਪਣੀ ਐਨਕ ਸੁਆਰਦਿਆਂ, ਉਸ ਮੁੰਡੇ ਨੂੰ ਬੜੀ ਨੀਝ ਨਾਲ ਤੱਕਿਆ। ਬੁੱਢਾ ਮੁੰਡੇ ਨੂੰ ਅਸੀਸਾਂ ਦੇਣ ਲੱਗਾ।

"ਪੁੱਤਰ ਜਿਉਂਦਾ ਰਹਿ। ਤੇਰਾ ਭਲਾ ਹੋਵੇ। ਤੂੰ ਵੱਡਾ ਬਣੇ।"

ਬੁੱਢਾ ਸੰਭਲ ਗਿਆ। ਉਸ ਨੇ ਮੁੰਡੇ ਦਾ ਨਾਂ ਅਤੇ ਅਤਾ-ਪਤਾ ਪੁੱਛਿਆ ਤੇ ਆਪਣੀ ਜੇਬ 'ਚੋਂ ਨੋਟ-ਬੁੱਕ ਕੱਢ ਕੇ ਲਿਖ ਲਿਆ। ਸ਼ਾਬਾਸ਼ ਦੇ ਕੇ ਬੁੱਢਾ ਅੱਗੇ ਤੁਰ ਪਿਆ। ਬੁੱਢੇ ਨੂੰ ਤੋਰ ਕੇ, ਉਹ ਮੁੰਡਾ ਆਪਣੇ ਸਾਥੀਆਂ ਨਾਲ ਮੁੜ ਖੇਡਣ ਲੱਗ ਪਿਆ। ਕਾਫ਼ੀ ਦਿਨ ਲੰਘ ਗਏ। ਇਕ ਦਿਨ ਉਸ ਮੁੰਡੇ ਨੂੰ ਇੱਕ ਮਨੀਆਰਡਰ ਆਇਆ। ਮਨੀਆਰਡਰ ਰਾਹੀਂ ਕੁੱਝ ਰਕਮ ਘੱਲੀ ਗਈ ਸੀ। ਇਹ ਰਕਮ ਉਸ ਟੋਪੀ ਵਾਲੇ ਬੁੱਢੇ ਵੱਲੋਂ ਭੇਜੀ ਗਈ ਸੀ। ਮਨੀਆਰਡਰ ਉੱਤੇ ਇੱਕ ਸੰਦੇਸ਼ ਵੀ ਲਿਖਿਆ ਹੋਇਆ ਸੀ। ਜਿਸ ਵਿੱਚ ਬੁੱਢੇ ਨੇ ਮੁੰਡੇ ਵੱਲੋਂ ਉਸ ਦਿਨ ਕੀਤੀ ਮਦਦ ਦਾ ਜ਼ਿਕਰ ਕੀਤਾ ਹੋਇਆ ਸੀ। ਬੁੱਢੇ ਨੇ ਉਹ ਰਕਮ ਮੁੰਡੇ ਨੂੰ ਇਨਾਮ ਵੱਲੋਂ ਭੇਜੀ ਸੀ। ਮੁੰਡੇ ਦੀ ਮਾਂ ਬਹੁਤ ਹੈਰਾਨ ਹੋਈ ਅਤੇ ਪ੍ਰਸੰਨ ਹੋਈ। ਮੁੰਡੇ ਨੇ ਡਾਕੀਏ ਤੋਂ ਰਕਮ ਪ੍ਰਾਪਤ ਕੀਤੀ ਅਤੇ ਬੁੱਢੇ ਨੂੰ ਧੰਨਵਾਦ ਦੇ ਸ਼ਬਦ ਮਨੀਆਰਡਰ 'ਤੇ ਲਿਖ ਦਿੱਤੇ।

ਮੁੰਡੇ ਨੇ ਆਪਣੀ ਮਾਤਾ ਨੂੰ ਉਸ ਦਿਨ ਵਾਲੀ ਸਾਰੀ ਘਟਨਾ ਸੁਣਾਈ। ਮਾਂ ਘਟਨਾ ਸੁਣ ਕੇ ਬਹੁਤ ਖੁਸ਼ ਹੋਈ। ਉਹ ਮੁੰਡਾ ਵਿਧਵਾ ਮਾਂ ਦਾ ਇੱਕੋ-ਇੱਕ ਪੁੱਤਰ ਸੀ। ਉਸ ਦਾ ਪਿਤਾ ਇੱਕ ਬਿਮਾਰੀ ਕਾਰਨ ਗੁਜ਼ਰ ਗਿਆ ਸੀ। ਮਾਂ ਨੂੰ ਬਹੁਤ ਦੁੱਖ ਸਹਿਣੇ ਪਏ। ਉਹ ਔਖੀ-ਸੌਖੀ ਆਪਣੇ ਲੜਕੇ ਨੂੰ ਪੜ੍ਹਾਉਣ ਦਾ ਜਤਨ ਕਰ ਰਹੀ ਸੀ। ਉਹ ਆਪਣੇ ਪੁੱਤਰ ਨੂੰ ਨੇਕ ਕੰਮ ਕਰਨ ਦੀ ਸਿੱਖਿਆ ਦੇਂਦੀ ਰਹਿੰਦੀ। ਨੇਕੀ ਦਾ ਫਲ ਮਿੱਠਾ ਹੁੰਦਾ ਹੈ, ਬਾਰੇ ਕਹਾਣੀਆਂ ਸੁਣਾਉਂਦੀ ਰਹਿੰਦੀ। ਪੁੱਤਰ ਦੀ ਨੇਕੀ ਸੁਣ ਕੇ, ਮਾਂ ਗਦ-ਗਦ ਹੋ ਰਹੀ ਸੀ। ਉਸ ਨੇ ਪੁੱਤਰ ਨੂੰ ਗਲਵਕੜੀ ਪਾ ਕੇ ਤਿਆਰ ਕੀਤਾ।

"ਪੁੱਤਰ, ਤੂੰ ਮੇਰੀ ਸਿੱਖਿਆ 'ਤੇ ਇੰਝ ਹੀ ਅਮਲ ਕਰਦਾ ਰਹੀਂ। ਨੇਕੀ ਖੱਟੀ ਤੇ ਆਪਣੇ ਪਿਉ ਦਾ ਨਾਂ ਰੌਸ਼ਨ ਕਰੀਂ।" ਮਾਂ ਦੇ ਬੋਲ ਸਨ। ਆਂਢ-ਗੁਆਂਢ 'ਚ ਮੁੰਡੇ ਦੇ ਇਨਾਮ ਬਾਰੇ ਗੱਲਾਂ ਹੋਣ ਲੱਗੀਆਂ। ਉਸ ਦਾ ਆਦਰ ਵਧਣ ਲੱਗਾ। ਸਾਰੇ ਉਸ ਦਾ ਮਾਣ ਕਰਨ ਲੱਗੇ। ਉਹ ਆਪਣੀ ਪੜ੍ਹਾਈ ਵਿੱਚ ਹੋਰ ਸਖ਼ਤ ਮਿਹਨਤ ਕਰਨ ਲੱਗਾ। ਉਸ ਦੇ ਕੰਨਾਂ ਵਿੱਚ ਬੁੱਢੇ ਦੇ ਸ਼ਬਦ ਗੂੰਜਦੇ ਰਹਿੰਦੇ। "ਤੂੰ ਵੱਡਾ ਬਣੇ।"



ਮੁੰਡਾ ਮਿਹਨਤ ਕਰਦਾ ਰਿਹਾ। ਆਖਿਰ, ਪੜ੍ਹਾਈ ਸਦਕਾ ਉਸ ਨੇ ਉੱਚ-ਪਦਵੀ ਹਾਸਲ ਕੀਤੀ ਤੇ ਇੱਕ ਉੱਘਾ ਵਿਅਕਤੀ ਬਣਿਆ।

# ਤਿੰਨ ਧੀਆਂ

ਦੰਮੋ ਕਾਕੀ ਨਾਂ ਦੀ ਇੱਕ ਬੁੱਢੀ ਹੁੰਦੀ ਸੀ। ਉਹ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦੀ ਸੀ। ਉਸ ਦੀਆਂ ਤਿੰਨ ਧੀਆਂ ਸਨ। ਉਸ ਨੇ ਤਿੰਨਾਂ ਧੀਆਂ ਦੇ ਵਿਆਹ ਕਰ ਦਿੱਤੇ। ਉਹ ਆਪਣੇ ਸਹੁਰੇ ਘਰ ਰਹਿਣ ਲੱਗੀਆਂ। ਦੰਮੋ ਕਾਕੀ ਦਾ ਪਤੀ ਚਲ ਵਸਿਆ। ਬੁੱਢੀ ਦੰਮੋ ਕਾਕੀ ਇਕੱਲੀ ਰਹਿ ਗਈ।

ਅਚਾਨਕ ਇੱਕ ਦਿਨ ਬੁੱਢੀ ਦੰਮੋ ਕਾਕੀ ਬਿਮਾਰ ਹੋ ਗਈ। ਉਸ ਦੇ ਜਿਊਣ ਦੀ ਕੋਈ ਆਸ ਨਾ ਰਹੀ। ਉਸ ਨੇ ਆਪਣੀਆਂ ਧੀਆਂ ਨੂੰ ਬੁਲਾਉਣ ਲਈ, ਇੱਕ ਚਿੱਟੇ ਕਬੂਤਰ ਰਾਹੀਂ ਸੁਨੇਹਾ ਭੇਜਿਆ ਤਾਂ ਜੋ ਧੀਆਂ ਨੂੰ ਆਖ਼ਰੀ ਵਾਰ ਮਿਲ ਸਕੇ।



ਸਭ ਤੋਂ ਪਹਿਲਾਂ ਕਬੂਤਰ ਵੱਡੀ ਧੀ ਦੇ ਘਰ ਗਿਆ। ਉਹ ਬਹੁਤ ਅਮੀਰ ਘਰ ਵਿਆਹੀ ਹੋਈ ਸੀ। ਜਦੋਂ ਕਬੂਤਰ ਉਸ ਕੋਲ ਗਿਆ ਤਾਂ ਉਹ ਸੋਨੇ ਦੀਆਂ ਕਟੋਰੀਆਂ ਚਮਕਾ ਰਹੀ ਸੀ। ਕਬੂਤਰ ਨੇ ਉਸ ਨੂੰ ਬਿਮਾਰ ਮਾਂ ਦਾ ਸੁਨੇਹਾ ਦਿੱਤਾ ਪਰੰਤੂ ਉਹ ਕਟੋਰੀਆਂ ਹੀ ਚਮਕਾਉਂਦੀ ਰਹੀ। ਉਸ ਨੇ ਬਿਮਾਰ ਮਾ ਕੋਲ ਇੱਕ ਹਫਤੇ ਬਾਅਦ ਆਉਣ ਦੀ ਗੱਲ ਆਖੀ। ਇਹ ਸੁਣ ਕੇ ਕਬੂਤਰ ਨੂੰ ਗੁੱਸਾ ਆਇਆ।

ਉਸ ਨੇ ਲੜਕੀ ਨੂੰ ਸਰਾਪ ਦੇ ਦਿੱਤਾ। ਛੰਨ ਕਰਦੀ ਕਟੋਰੀ ਉਸ ਦੇ ਹੱਥੋਂ ਡਿੱਗ ਪਈ ਅਤੇ ਕੱਛੂ ਬਣ ਕੇ ਧਰਤੀ ਉੱਤੇ ਸਰਕਣ ਲਗ ਪਈ।

ਫਿਰ ਕਬੂਤਰ ਵਿਚਕਾਰਲੀ ਧੀ ਕੋਲ ਗਿਆ। ਉਹ ਬੈਠੀ ਚਰਖਾ ਕੱਤ ਰਹੀ ਸੀ। ਸੁਨੇਹਾ ਸੁਣ ਕੇ ਆਖਣ ਲੱਗੀ, "ਮੇਰਾ ਬਹੁਤ ਸਾਰਾ ਸੂਤ ਕੱਤਣ ਨੂੰ ਰਹਿੰਦਾ ਹੈ। ਮੈਂ ਸੂਤ ਕੱਤ ਕੇ ਹੀ ਮਾਂ ਕੋਲ ਜਾਵਾਂਗੀ।" ਉਸਦਾ ਉੱਤਰ ਸੁਣ ਕੇ ਕਬੂਤਰ ਨੂੰ ਫੇਰ ਗੁੱਸਾ ਆਇਆ। ਉਸ ਨੇ ਲੜਕੀ ਨੂੰ ਸਰਾਪ ਦੇਂਦਿਆਂ ਕਿਹਾ ਕਿ ਤੂੰ ਜ਼ਿੰਦਗੀ ਭਰ ਸੂਤ ਹੀ ਕੱਤਦੀ ਰਹੇਂ। ਉਹ ਲੜਕੀ ਮੱਕੜੀ ਬਣ ਗਈ।



ਆਖ਼ਿਰ ਨੂੰ ਕਬੂਤਰ ਸਭ ਤੋਂ ਛੋਟੀ ਧੀ ਦੇ ਘਰ ਪਹੁੰਚਿਆ। ਬੁੱਢੀ ਦੀ ਛੋਟੀ ਧੀ ਝੌਂਪੜੀ ਵਿੱਚ ਬੈਠੀ ਆਟਾ ਗੁੰਨ੍ਹ ਰਹੀ ਸੀ। ਜਿਉਂ ਹੀ ਉਸ ਨੇ ਬਿਮਾਰ ਮਾਂ ਦੀ ਖ਼ਬਰ ਸੁਣੀ, ਉਹ ਆਪਣੇ ਆਟੇ ਨਾਲ ਲਿਬੜੇ ਹੱਥਾਂ ਸਮੇਤ ਹੀ ਮਾਂ ਦੇ ਘਰ ਨੂੰ ਚੱਲ ਪਈ। ਮਾਂ ਲਈ ਏਨਾ ਪਿਆਰ ਵੇਖ ਕੇ, ਕਬੂਤਰ ਬਹੁਤ ਖੁਸ਼ ਹੋਇਆ। ਉਸ ਨੇ ਲੜਕੀ ਨੂੰ ਵਰਦਾਨ ਦਿੱਤਾ ਤੇ ਬੋਲਿਆ, "ਐ ਸੁੱਘੜ ਲੜਕੀਏ, ਤੈਨੂੰ ਉਮਰ ਭਰ ਪਿਆਰ ਦੀ ਮਿਠਾਸ ਮਿਲਦੀ ਰਹੇ।" ਲੜਕੀ ਨੇ ਆ ਕੇ ਮਾਂ ਦੀ ਪੂਰੀ ਸੇਵਾ ਕੀਤੀ। ਮਾਂ ਤੋਂ ਅਸੀਸਾਂ ਲਿੱਤੀਆਂ।

ਕਹਿੰਦੇ ਨੇ ਇਸ ਵਰਦਾਨ ਨਾਲ ਉਹ ਗ਼ਰੀਬ ਲੜਕੀ ਮਧੂ ਮੱਖੀ ਬਣ ਗਈ। ਅੱਜ ਤੱਕ ਉਹ ਫੁੱਲਾਂ ਦਾ ਮਿੱਠਾ-ਮਿੱਠਾ ਰਸ ਚੂਸਦੀ ਤੇ ਸ਼ਹਿਦ ਖਾਂਦੀ ਰਹਿੰਦੀ ਹੈ।

# ਧੁੰਮੀ ਤੇ ਪੋਪੋ

ਹਰ ਰੋਜ਼ ਧੁੰਮੀ ਸਕੂਲੋਂ ਆ ਕੇ, ਤੀਜੇ ਪਹਿਰ ਆਪਣੇ ਖੇਤਾਂ ਨੂੰ ਚਲੀ ਜਾਂਦੀ। ਉਹਨਾਂ ਦੇ ਖੇਤ ਘਰੋਂ ਥੋੜ੍ਹੀ ਕੁ ਦੂਰੀ 'ਤੇ ਸਨ ਤੇ ਰਾਹ ਵਿੱਚ ਇਕ ਚੋਅ ਆਉਂਦਾ ਸੀ।

ਧੁੰਮੀ ਦਾ ਪਿਤਾ ਕਈ ਦਿਨਾਂ ਤੋਂ ਬਿਮਾਰ ਪਿਆ ਸੀ। ਧੁੰਮੀ ਦੀ ਮੰਮੀ ਉਸਦੇ ਪਿਤਾ ਦੀ ਦੇਖ-ਭਾਲ ਕਰਨ ਵਿੱਚ ਲੱਗੀ ਰਹਿੰਦੀ ਤੇ ਪਸ਼ੂਆਂ ਦੀ ਸੰਭਾਲ ਵੀ ਕਰਦੀ। ਧੁੰਮੀ ਦਾ ਇੱਕੋ ਇੱਕ ਭਰਾ, ਪੰਜ ਕੁ ਵਰ੍ਹਿਆਂ ਦਾ ਸੀ। ਸੋ ਘਰ ਦੇ ਕਈ ਕੰਮਾਂ ਦੀ ਜ਼ਿੰਮੇਵਾਰੀ ਧੁੰਮੀ ਦੇ ਸਿਰ ਤੇ ਪੈ ਗਈ।

ਖੇਤਾਂ ਵਿੱਚ ਫ਼ਸਲ ਪੱਕਣ ਵਾਲੀ ਸੀ। ਫ਼ਸਲ ਦੀ ਰਾਖੀ ਲਈ ਖੇਤਾਂ ਵਿੱਚ ਗੇੜਾ ਮਾਰਨਾ ਵੀ ਜ਼ਰੂਰੀ ਸੀ। ਧੁੰਮੀ ਛੇਵੀਂ ਸ਼੍ਰੇਣੀ 'ਚ ਪੜ੍ਹਦੀ ਸੀ। ਪੜ੍ਹਾਈ ਦਾ ਉਸ ਨੂੰ ਬਹੁਤ ਸ਼ੌਕ ਸੀ। ਉਹ ਚੰਗੇ ਹੁਸ਼ਿਆਰ ਵਿੱਦਿਆਰਥੀਆਂ ਵਿੱਚੋਂ ਸੀ। ਦੁਪਹਿਰ ਦਾ ਖਾਣਾ ਖਾਣ ਪਿੱਛੋਂ, ਉਹ ਆਪਣੀਆਂ ਕਿਤਾਬਾਂ ਲੈ ਕੇ ਖੇਤਾਂ ਦੀ ਰਾਖੀ ਲਈ ਚਲੀ ਜਾਂਦੀ। ਉਹ ਆਪਣੇ ਨਾਲ ਆਪਣੀ ਬੱਕਰੀ ਵੀ ਲੈ ਜਾਂਦੀ। ਬੱਕਰੀ ਚਰਾਉਣ ਦੀ ਜ਼ਿੰਮੇਵਾਰੀ ਵੀ ਉਸ ਨੂੰ ਨਿਭਾਉਣੀ ਪੈਂਦੀ। ਉਹ ਬੱਕਰੀ ਨੂੰ ਲੰਮੀ ਰੱਸੀ ਨਾਲ ਬੰਨ੍ਹ ਦਿੰਦੀ। ਬੱਕਰੀ ਚਰਦੀ ਰਹਿੰਦੀ ਤੇ ਧੁੰਮੀ ਕਿਤਾਬ ਲੈ ਕੇ ਪੜ੍ਹਦੀ ਰਹਿੰਦੀ।

ਧੁੰਮੀ ਦਾ ਬੱਕਰੀ ਨਾਲ ਅੰਤਾਂ ਦਾ ਮੋਹ ਸੀ। ਉਹਨਾਂ ਨੇ ਬੱਕਰੀ ਦਾ ਲਾਡਲਾ ਨਾਂ 'ਪੋਪੋ' ਰੱਖਿਆ ਹੋਇਆ ਸੀ। ਸਾਰੇ ਉਸ ਨੂੰ 'ਪੋਪੋ' ਕਹਿ ਕੇ ਬੁਲਾਉਂਦੇ। ਪੋਪੋ ਚਿੱਟੇ ਤੇ ਕਾਲੇ ਰੰਗ ਦੀ ਡੱਬ-ਖੜੱਬੀ ਸੀ। ਧੁੰਮੀ ਉਸ ਦੇ ਨਿੱਕੇ-ਨਿੱਕੇ ਸਿੰਗਾਂ ਵਿਚਾਲੇ ਉਂਗਲਾਂ ਨਾਲ ਖਾਜ ਕਰਨ ਲੱਗਦੀ ਤਾਂ ਪੋਪੋ ਪੂੰਛ ਹਿਲਾਕੇ ਆਪਣਾ ਪਿਆਰ ਜਤਾਉਂਦੀ। ਧੁੰਮੀ ਉਸ ਦੇ ਕੂਲੇ-ਕੂਲੇ ਪਿੰਡੇ ਉੱਤੇ ਹੱਥ ਫੇਰਦੀ ਤਾਂ ਪੋਪੋ ਪਿਆਰ ਭਰੀਆਂ ਅੱਖਾਂ ਨਾਲ ਧੁੰਮੀ ਵੱਲ ਤੱਕਣ ਲਗਦੀ। ਉਸ ਦੀਆਂ ਅੱਖਾਂ ਚਮਕ ਉੱਠਦੀਆਂ। ਇਉਂ ਲਗਦਾ ਜਿਵੇਂ ਦੋਵੇਂ ਸਹੇਲੀਆਂ ਹੋਣ। ਦੋਵੇਂ ਇੱਕ-ਦੂਜੇ ਦੇ ਪਿਆਰ ਵਿੱਚ ਖਿੱਚੀਆਂ ਜਾਂਦੀਆਂ।



ਘਰ ਦਿਆਂ ਨੇ ਪੋਪੋ ਦੇ ਗਲ ਘੁੰਗਰੂਆਂ ਵਾਲਾ ਪਟਾ ਪਾਇਆ



ਹੋਇਆ ਸੀ। ਮਟਕ ਨਾਲ ਜਦੋਂ ਉਹ ਤੁਰਦੀ ਤਾਂ ਘੁੰਗਰੂਆਂ ਦੀ ਆਵਾਜ਼ ਨਾਲ ਪੋਪੋ ਹੋਰ ਵੀ ਪਿਆਰੀ-ਪਿਆਰੀ ਲਗਦੀ। ਧੁੰਮੀ ਦੀ ਮੰਮੀ ਨੇ ਉਸ ਨੂੰ ਦੱਸਿਆ ਕਿ ਪੋਪੋ ਕੁਝ ਦਿਨਾਂ 'ਚ ਸੂਣ ਵਾਲੀ ਹੈ, ਇਸ ਦਾ ਧਿਆਨ ਰੱਖੀਂ ਉਸ ਨੇ ਪਹਿਲੀ ਵਾਰ ਸੁਣਾ ਸੀ। ਧੁੰਮੀ ਦੀ ਮੰਮੀ ਕਹਿੰਦੀ ਰਹਿੰਦੀ ਕਿ ਪੋਪੋ ਦੋ ਮੇਮਣੇ ਦੇਵੇਗੀ। ਅਸੀਂ ਉਹਨਾਂ ਨੂੰ ਲਾਡ ਨਾਲ ਪਾਲਾਂਗੇ। ਪੋਪੋ ਦੁੱਧ ਵੀ ਦੇਵੇਗੀ, ਅਸੀਂ ਦੁੱਧ ਪੀਆ ਕਰਾਂਗੇ। "ਬੱਕਰੀ ਦਾ ਦੁੱਧ ਤਾਂ ਸਿਹਤ ਲਈ ਬਹੁਤ ਗੁਣਕਾਰੀ ਹੁੰਦਾ ਹੈ।" ਧੁੰਮੀ ਦੀ ਮੰਮੀ ਆਖਦੀ।

ਗੋਲ-ਮਟੋਲ ਹੋਈ ਪੋਪੋ ਹੋਰ ਵੀ ਸੁਹਣੀ ਲੱਗਦੀ। ਉਹ ਜਦੋਂ ਆਪਣੇ ਕੰਨਾਂ ਨੂੰ ਹਿਲਾਉਂਦੀ ਤਾਂ ਹੋਰ ਵੀ ਚੰਗੀ ਲੱਗਦੀ। ਪੋਪੋ ਮੈਂਆਂ-ਮੈਂਆਂ ਕਰਕੇ ਆਪਣਾ ਪਿਆਰ ਪ੍ਰਗਟਾਉਂਦੀ। ਧੁੰਮੀ ਦਾ ਨਿੱਕੜਾ ਭਰਾ ਪੋਪੋ ਦੀਆਂ ਥਣੀਆਂ ਨੂੰ ਜਾ ਚਿੰਬੜਦਾ ਪਰੰਤੂ ਪੋਪੋ ਅਰਾਮ ਨਾਲ ਅਲਸਾਈ-ਅਲਸਾਈ ਖੜ੍ਹੀ ਰਹਿੰਦੀ।

ਇੱਕ ਦਿਨ ਧੁੰਮੀ ਦਾ ਭਰਾ ਇਕੱਲਾ ਹੀ ਵਿਹੜੇ ਵਿੱਚ ਖੇਡ ਰਿਹਾ ਸੀ। ਧੁੰਮੀ ਤੇ ਉਸ ਦੀ ਮੰਮੀ ਅੰਦਰ ਕੰਮ ਕਰ ਰਹੀਆਂ ਸਨ। ਗਲੀ 'ਚ ਇੱਕ ਅਵਾਰਾ ਕੁੱਤਾ ਵਿਹੜੇ 'ਚ ਆ ਵੜਿਆ। ਵਿਹੜੇ 'ਚ ਨੇੜੇ ਹੀ ਪੋਪੋ ਬੰਨ੍ਹੀ ਹੋਈ ਸੀ। ਕੁੱਤਾ ਧੁੰਮੀ ਦੇ ਭਰਾ ਨੂੰ ਚੱਕ ਮਾਰਨ ਹੀ ਲੱਗਾ ਸੀ ਕਿ ਉਸ ਨੇ ਡਰ ਕੇ ਚੀਕ ਮਾਰੀ। ਮੌਕਾ ਤਾੜ ਕੇ ਪੋਪੋ ਨੇ ਝੱਟ ਕੁੱਤੇ ਨੂੰ ਆਪਣੇ ਸਿੰਗਾਂ ਨਾਲ ਹੁਰਕ ਕੇ ਭਜਾ ਦਿੱਤਾ। ਏਨੇ ਨੂੰ ਅੰਦਰੋਂ ਧੁੰਮੀ ਤੇ ਉਸਦੀ ਮੰਮੀ ਵੀ ਨਿਕਲ ਆਈਆਂ ਪਰ ਕੁੱਤਾ ਉੱਥੋਂ ਭੱਜ ਚੁੱਕਿਆ ਸੀ। ਪੋਪੋ ਦੀ ਬਹਾਦਰੀ ਵੇਖ ਕੇ ਉਹ ਬਹੁਤ ਖੁਸ਼ ਹੋਈਆਂ ਤੇ ਪੋਪੋ ਨੂੰ ਥਾਪੀ ਦੇਣ ਲੱਗੀਆਂ।

ਵਰਖਾ ਦੇ ਦਿਨ ਸਨ। ਹਰ ਰੋਜ਼ ਦੀ ਤਰ੍ਹਾਂ ਧੁੰਮੀ ਅੱਜ ਵੀ ਤੀਜੇ ਪਹਿਰ ਪੋਪੋ ਨੂੰ ਨਾਲ ਲੈ ਕੇ ਖੇਤਾਂ ਦੀ ਰਾਖੀ ਲਈ ਚਲੀ ਗਈ। ਖੇਤਾਂ ਵਿਚ ਪਾਈ ਝੁੱਗੀ ਦੇ ਬਾਹਰ ਧੁੰਮੀ ਪੜ੍ਹਨ ਲੱਗ ਪਈ ਤੇ ਪੋਪੋ ਨੂੰ ਰੱਸੀ ਨਾਲ ਬੰਨ੍ਹ ਕੇ ਚਰਨ ਲਈ ਛੱਡ ਦਿੱਤਾ। ਪੋਪੋ ਮਸਤੀ ਨਾਲ ਘਾਹ ਚਰਨ ਲੱਗ ਪਈ। ਪੋਪੋ ਦੇ ਛਣ-ਛਣ ਕਰਦੇ ਘੁੰਗਰੂਆਂ ਦੀ ਆਵਾਜ਼ ਧੁੰਮੀ ਦੇ ਕੰਨਾਂ 'ਚ ਪੈਂਦੀ ਰਹੀ।

ਏਨੇ ਨੂੰ ਕੁਝ ਪਲਾਂ 'ਚ ਹੀ ਕਾਲੀ ਘਟਾ ਛਾ ਗਈ। ਕਾਲੇ ਬੱਦਲਾਂ ਨਾਲ ਅਸਮਾਨ ਭਰ ਗਿਆ। ਵੇਖਦੇ-ਵੇਖਦੇ ਘੁੱਪ ਹਨੇਰਾ ਹੋ ਗਿਆ। ਪੰਛੀ ਆਲ੍ਹਣਿਆਂ ਨੂੰ ਪਰਤਣ ਲੱਗੇ। ਧੁੰਮੀ ਆਪਣੀ ਕਿਤਾਬ ਬੰਦ ਕਰ ਕੇ ਆਲੇ-ਦੁਆਲੇ ਵੇਖਣ ਲੱਗੀ। ਜ਼ੋਰ ਦੀ ਹਵਾ ਵਗਣ ਲੱਗੀ ਤੇ ਮੋਹਲੇਧਾਰ ਵਰਖਾ ਵਰਨ੍ਹ ਲੱਗ ਪਈ।

ਧੁੰਮੀ ਨੇ ਭੱਜ ਕੇ ਪੋਪੋ ਨੂੰ ਰੱਸੀਓਂ ਖਿੱਚ ਕੇ ਝੁੱਗੀ 'ਚ ਲੈ ਆਂਦਾ। ਹੁਣ ਉਹ ਦੋਵੇਂ ਝੁੱਗੀ ਵਿੱਚ ਕੁੰਗੜੀਆਂ ਖੜ੍ਹੀਆਂ ਸਨ। ਠੰਢ ਵਧ ਰਹੀ ਸੀ ਤੇ ਵਰਖਾ ਹੋਰ ਵੀ ਤੇਜ਼ ਹੋ ਰਹੀ ਸੀ। ਖੇਤਾਂ 'ਚ ਕੰਮ



ਕਰਦੇ ਲੋਕਾਂ ਨੂੰ ਆਪੋ-ਧਾਪੀ ਪੈ ਗਈ। ਲੋਕੀਂ ਭਿੱਜਦੇ-ਭਿਜਾਉਂਦੇ ਆਪਣੇ ਘਰਾਂ ਨੂੰ ਦੌੜਨ ਲੱਗੇ।



ਧੁੰਮੀ ਹੈਰਾਨ-ਪ੍ਰੇਸ਼ਾਨ ਹੋਈ ਵਰਖਾ ਨੂੰ ਤੱਕ ਰਹੀ ਸੀ। ਝੁੱਗੀ ਉੱਤੇ ਵਰਖਾ ਦੀਆਂ ਕਣੀਆਂ ਦੀ ਆਵਾਜ਼ ਗੜਿਆਂ ਵਾਂਗ ਲਗ ਰਹੀ ਸੀ। ਧੁੰਮੀ ਸਹਿਮੀ ਹੋਈ ਖੜੋਤੀ ਸੀ।

ਵਰਖਾ ਹੋਰ ਤੇਜ਼ ਹੋ ਗਈ ਤੇ ਝੁੱਗੀ ਚੋਣ ਲੱਗ ਪਈ। ਧੁੰਮੀ ਤੇ ਪੋਪੋ ਇਕ ਖੂੰਜੇ ਜਾ ਲੱਗੀਆਂ। ਉਸ ਨੇ ਆਪਣੀਆਂ ਕਿਤਾਬਾਂ ਮੋਮੀ ਲਿਫ਼ਾਫੇ 'ਚ ਪਾ ਕੇ ਆਪਣੀ ਚੁੰਨੀ ਨਾਲ ਆਪਣੇ ਸਿਰ ਉੱਤੇ ਬੰਨ੍ਹ ਲਈਆਂ। ਉਹ ਸੋਚਣ ਲੱਗੀ ਕਿ ਹੁਣ ਕੀ ਕੀਤਾ ਜਾਵੇ। ਧੁੰਮੀ ਪੋਪੋ ਨੂੰ ਇਕੱਲਿਆਂ ਛੱਡ ਕੇ ਜਾਣਾ ਨਹੀਂ ਸੀ ਚਾਹੁੰਦੀ। ਪੋਪੋ ਦੇ ਪਿੰਡੇ ਦੀ ਲੂੰਅ ਭਿੱਜ ਗਈ ਸੀ ਤੇ ਉਹ ਕੰਬ ਰਹੀ ਸੀ। ਧੁੰਮੀ ਨੇ ਉਸ ਦੇ ਪਿੰਡੇ 'ਤੇ ਹੱਥ ਫੇਰਿਆ। ਪੋਪੋ ਨੂੰ ਜਿਵੇਂ ਨਿੱਘ ਆ ਗਿਆ ਹੋਵੇ।

"ਪੋਪੋ ਦਾ ਧਿਆਨ ਰੱਖੀਂ।" ਧੁੰਮੀ ਨੂੰ ਆਪਣੀ ਮੰਮੀ ਦੀ ਆਖੀ ਗੱਲ ਯਾਦ ਆ ਰਹੀ ਸੀ।

ਧੁੰਮੀ ਨੂੰ ਆਪਣੇ ਭਰਾ ਨੂੰ ਵਾਢੂ ਕੁੱਤੇ ਤੋਂ ਬਚਾਉਣ ਵਾਲੀ ਘਟਨਾ ਵੀ ਵਾਰ-ਵਾਰ ਯਾਦ ਆਈ। ਆਥਣ ਹੋ ਰਹੀ ਸੀ ਤੇ ਵਰਖਾ ਲਗਾਤਾਰ ਪੈ ਰਹੀ ਸੀ। ਉੱਤੋਂ ਹਨੇਰਾ ਹੋਣ ਦਾ ਡਰ ਵੀ ਸੀ।....

ਧੁੰਮੀ ਨੇ ਸੋਚ-ਸੋਚ ਕੇ ਵਰ੍ਹਦੀ ਵਰਖਾ ਵਿੱਚ ਹੀ ਘਰ ਨੂੰ ਤੁਰਨਾ ਠੀਕ ਸਮਝਿਆ। ਬਾਹਰ ਕੋਈ ਵੀ ਬੰਦਾ ਨਜ਼ਰ ਨਹੀਂ ਸੀ ਆ ਰਿਹਾ। ਚਾਰ-ਚੁਫ਼ੇਰੇ ਪਾਣੀ ਹੀ ਪਾਣੀ ਸੀ।

ਆਖ਼ਿਰ ਧੁੰਮੀ ਪੋਪੋ ਨੂੰ ਰੱਸੀ ਤੋਂ ਫੜ ਕੇ ਘਰ ਨੂੰ ਤੁਰ ਪਈ। ਪਾਣੀ ਉਸ ਦੇ ਗੋਡੇ-ਗੋਡੇ ਤੱਕ ਚੜ੍ਹ ਆਇਆ। ਖੇਤਾਂ ਨੂੰ ਪਾਰ ਕਰਦੀਆਂ, ਧੁੰਮੀ ਤੇ ਪੋਪੋ ਸੰਭਲ-ਸੰਭਲ ਕੇ ਚੋਏ 'ਤੇ ਆ ਪੁੱਜੀਆਂ। ਵਰਖਾ ਨਾਲ ਦੋਵੇਂ ਗੜੁੱਚ ਹੋ ਗਈਆਂ।

ਚੋਏ ਵਿੱਚ ਹੜ੍ਹ ਆਇਆ ਹੋਇਆ ਸੀ। ਉਸਨੂੰ ਪਾਰ ਕਰਨਾ ਔਖਾ ਸੀ। ਚੋਏ ਵਿੱਚ ਪਾਣੀ ਗਲ-ਗਲ ਤੋਂ ਵੀ ਉੱਤੇ ਵਗ ਰਿਹਾ ਸੀ। ਧੁੰਮੀ ਸੋਚਾਂ ਵਿੱਚ ਪੈ ਗਈ। ਕੋਈ ਵੀ ਬੰਦਾ ਸਹਾਇਤਾ



ਕਰਨ ਵਾਲਾ ਨਜ਼ਰ ਨਹੀਂ ਸੀ ਆ ਰਿਹਾ। ਕਿੰਨਾ ਹੀ ਚਿਰ ਧੁੰਮੀ ਤੇ ਪੋਪੋ ਵਰਖਾ 'ਚ ਚੋਏ ਦੇ ਕੰਢੇ 'ਤੇ ਖੜੀਆਂ ਰਹੀਆਂ। ਪਾਣੀ ਘਟਣ ਵਿੱਚ ਨਹੀਂ ਸੀ ਆ ਰਿਹਾ। ਧੁੰਮੀ ਸੋਚਾਂ 'ਚ ਡੁੱਬੀ, ਚੋਏ 'ਚ ਰੁੜ੍ਹੀਆਂ ਜਾਂਦੀਆਂ ਚੀਜ਼ਾਂ ਨੂੰ ਵੇਖ ਰਹੀ ਸੀ। ਕਦੇ ਉਹ ਸੋਚਦੀ ਕਿ ਉਹ ਇਕੱਲੀ ਹੀ ਚੋਆ ਪਾਰ ਕਰ ਲਵੇ ਪਰ ਕੋਲ ਖੜੋਤੀ ਪੋਪੋ ਦਾ ਖ਼ਿਆਲ ਆਉਣ ਲਗਦਾ। ਪੋਪੋ ਨੂੰ ਛੱਡ ਕੇ ਉਹ ਕਿਵੇਂ ਜਾ ਸਕਦੀ ਸੀ ?

ਚੋਆ ਪਾਰ ਕਰਨਾ ਉਸ ਲਈ ਭਵ-ਸਾਗਰ ਬਣ ਗਿਆ।

ਏਨੇ ਨੂੰ ਧੁੰਮੀ ਨੇ ਚੋਏ ਵਿਚ ਲੱਕੜਾਂ ਦਾ ਇਕ ਵੱਡਾ ਸਾਰਾ ਗੱਠੜ ਤਰਦਾ ਆਉਂਦਾ ਵੇਖਿਆ। ਤਰਦੇ ਗੱਠੜ ਨੂੰ ਵੇਖ ਕੇ, ਉਸ ਨੂੰ ਇੱਕ ਫੁਰਨਾ ਫੁਰਿਆ। ਉਸ ਨੇ ਝੱਟ ਪੋਪੋ ਦੀ ਲੰਮੀ ਰੱਸੀ ਖੋਲ੍ਹੀ ਤੇ ਨੇੜੇ ਆਉਂਦੇ ਗੱਠੜ ਨੂੰ ਥੋੜ੍ਹਾ ਅਗਾਂਹ ਹੋ ਕੇ ਰੱਸੀ ਸੁੱਟ ਕੇ ਰੋਕ ਲਿਆ ਤੇ ਖਿਚ ਕੇ ਕੰਢੇ 'ਤੇ ਖੜੋਤੇ ਰੁੱਖ ਨਾਲ ਬੰਨ੍ਹਣ ਦੀ ਕੀਤੀ। ਫੇਰ ਉਸ ਨੇ ਪੋਪੋ ਨੂੰ ਪਟੇ ਤੋਂ ਫੜ ਕੇ ਗੱਠੜ ਉੱਤੇ ਚੜ੍ਹਾ ਲਿਆ ਤੇ ਰੱਸੀ ਖੋਲ੍ਹ ਕੇ ਆਪ ਵੀ ਝੱਟ ਗੱਠੜ ਉੱਤੇ ਚੜ੍ਹ ਗਈ।

ਗੱਠੜ ਹੌਲੀ-ਹੌਲੀ ਮੁੜ ਚੋਏ 'ਚ ਤੈਰਨ ਲੱਗਾ। ਧੁੰਮੀ ਤੇ ਪੋਪੋ ਗੱਠੜ 'ਤੇ ਖੜੋਤੀਆਂ ਚੋਏ ਨੂੰ ਪਾਰ ਕਰਦੀਆਂ ਜਾ ਰਹੀਆਂ ਸਨ। ਮੀਂਹ ਦਾ ਜ਼ੋਰ ਘਟ ਗਿਆ ਸੀ। ਧੁੰਮੀ ਨੇ ਪੋਪੋ ਦੀ ਰੱਸੀ ਘੁੱਟ ਕੇ ਪਕੜੀ ਹੋਈ ਸੀ। ਕਦੇ-ਕਦੇ ਗੱਠੜ ਡਾਵਾਂਡੋਲ ਹੋਣ ਲੱਗਦਾ ਤੇ ਧੁੰਮੀ ਸਹਿਮ ਜਾਂਦੀ। ਪਰ ਧੁੰਮੀ ਨੇ ਦਿਲ ਪੱਕਾ ਰੱਖਿਆ।

ਉੱਧਰ ਪਿੰਡ ਵਿੱਚ ਹੜ੍ਹ ਦੇ ਨੁਕਸਾਨ ਦੀਆਂ ਗੱਲਾਂ ਹੋ ਰਹੀਆਂ ਸਨ। ਧੁੰਮੀ ਦੇ ਮਾਪੇ ਬੇਬਸ ਹੋਏ ਚਿੰਤਾ ਵਿੱਚ ਡੁੱਬੇ ਹੋਏ ਸਨ। ਸ਼ਾਮ ਹੋ ਚੁੱਕੀ ਸੀ।

ਆਖਿਰ ਗੱਠੜ ਤੈਰਦਾ-ਤੈਰਦਾ ਇੱਕ ਥਾਂ ਕੰਢੇ 'ਤੇ ਜਾ ਰੁਕਿਆ। ਧੁੰਮੀ ਦੀਆਂ ਅੱਖਾਂ 'ਚ ਖੁਸ਼ੀ ਚਮਕ ਉੱਠੀ। ਧੁੰਮੀ ਨੇ ਝੱਟ ਪੋਪੋ ਨੂੰ ਫੜ ਕੇ ਗੱਠੜ ਤੋਂ ਉਤਾਰਿਆ ਤੇ ਦੋਵੇਂ ਕੰਢੇ 'ਤੇ ਉਤਰ ਕੇ ਘਰ ਨੂੰ ਚੱਲ ਪਈਆਂ। ਪਾਣੀ ਅਜੇ ਵੀ ਗਿੱਟੇ-ਗਿੱਟੇ ਤੱਕ ਵਗ ਰਿਹਾ ਸੀ। ਪਿੰਡ ਦੀ ਜੂਹ ਪਾਰ ਕਰਕੇ, ਧੁੰਮੀ ਆਪਣੀ ਪੋਪੋ ਨਾਲ ਘਰ ਪੁੱਜ ਗਈ। ਧੁੰਮੀ ਦੇ ਮਾਪੇ ਫ਼ਿਕਰ ਵਿੱਚ ਕਾਲਜਾ ਫੜੀ ਬੈਠੇ ਸਨ।

ਧੁੰਮੀ ਦੀ ਮੰਮੀ ਨੇ ਆਪਣੀ ਬਾਲੜੀ ਨੂੰ ਵੇਖਦੇ-ਸਾਰ ਹੀ ਗਲਵਕੜੀ ਪਾ ਲਈ। ਘਰ ਦਿਆਂ ਨੂੰ ਜਿਵੇਂ ਸੁੱਖ ਦਾ ਸਾਹ ਆ ਗਿਆ ਹੋਵੇ। ਧੁੰਮੀ ਦਾ ਭਰਾ ਪੋਪੋ ਨੂੰ ਵੇਖ ਕੇ ਖਸ਼ ਹੋ ਰਿਹਾ ਸੀ।

ਸਾਰੇ ਹੈਰਾਨ ਸਨ ਕਿ ਧੁੰਮੀ ਤੇ ਪੋਪੋ ਏਨੇ ਹੜ੍ਹ ਵਿੱਚ ਵੀ ਚੋਅ ਲੰਘ ਕੇ ਆ ਗਈਆਂ ਸਨ। ਸਾਰੇ ਪਿੰਡ ਵਿੱਚ ਲੋਕ ਧੁੰਮੀ ਦੀ ਸਿਆਣਪ ਤੇ ਬਹਾਦਰੀ ਦੀਆਂ ਗੱਲਾਂ ਕਰ ਰਹੇ ਸਨ। ਵਿਹੜੇ 'ਚ ਲੋਕੀਂ ਧੁੰਮੀ ਤੇ ਪੋਪੋ ਨੂੰ ਵੇਖਣ ਆ ਰਹੇ ਸਨ।





ਮਨਮੋਹਨ ਸਿੰਘ ਦਾਊਂ

Tarlochan
Publishers

KIRLI TE TITTLI

